ੴ ਸਤਿਗੁਰਪ੍ਰਸਾਦਿ ॥

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ ॥

# WHY KILL A CHICKEN?

# ਤਉ ਕਿਉ ਮੁਰਗੀ ਮਾਰੈ ?



ਭਾਈ ਜੋਗਿੰਦਰ ਸਿਘ ਤਲਵਾੜਾ

# ਜਾਣ-ਪਛਾਣ

ਮਾਸ ਖਾਣ ਸੰਬੰਧੀ ਉਤੇ ਅਤੇ ਤਕਰੀਬਨ ਸਾਰੇ ਧਰਮਾਂ ਵਿਚ ਉਹਨਾ ਦੇ ਧਾਰਨੀ ਮਨੁੱਖਾਂ ਅੰਦਰ ਪਰਪਸ ਮਤ ਦਾ ਵਖੇਵਾਂ ਹੈ, ਕੁਝ ਵਿਅਕਤੀ ਮਾਸ ਖਾਣ ਦੇ ਹੱਕ ਵਿਚ ਹਨ ਅਤੇ ਕੁਝ ਇਸ ਦੇ ਵਿਰੋਧੀ । ਆਮ ਮਨੁੱਖ ਮਾਸ ਦੇ ਹੱਕ ਵਿਚ ਜਾਂ ਵਿਰੋਧ ਵਿਚ ਨਿਜੀ ਮੰਤਕ ਤੋ ਕੰਮ ਲੈਂਦੇ ਹਨ । ਸਿੱਖ ਧਰਮ ਵਿਚ ਵੀ ਦਲੀਲ ਜਾਂ ਮੰਤਕਵ ਦੀ ਕਦਰ-ਕੀਮਤ ਤਾਂ, ਜੇਕਰ ਇਹ ਦਲੀਲ 'ਗੁਰਮਤਿ' ਉਤੇ ਅਧਾਰਤ ਹੋਵ । ਕਿਸੇ ਵੀ ਮਸਲੇ ਸੰਬੰਧੀ ਅਗਵਾਈ ਪ੍ਰਾਪਤ ਕਰਨ ਲਈ ਇਕੋ ਇਕ ਮੁਸਤਨਿਦ (ਭਰੋਸੇ ਯੋਗ) ਲਿਖਤ ਗੁਰਬਾਣੀ ਹੈ, ਜੋ ਗੁਰਮਤਿ ਨੂੰ ਸਹੀ ਰੂਪ ਵਿਚ ਨਿਰੂਪਣ ਕਰਦੀ ਹੈ । ਇਤਿਹਾਸ ਤੋਂ ਵੀ ਵਖ ਵਖ ਮਸਲਿਆਂ ਸੰਬੰਧੀ ਸੇਧ ਮਿਲਦੀ ਹ । ਖਾਲਸਾ ਰਹਿਤ ਬਹਿਤ ਸੰਬੰਧੀ ਰਹਿਤਨਾਮੇ ਵਿਸ਼ੇਸ਼ ਤੌਰ ਤੇ ਅਗਵਾਈ ਦੇ ਸੋਮੇ ਹਨ, ਪਰ ਮੁਸ਼ਕਲ ਇਹ ਹੈ ਕਿ ਉਪਲੱਬਧ ਇਤਿਹਾਸ ਅਤੇ ਰਹਿਤਨਾਮੇ, ਇਹਨਾ ਤਿੰਨਾਂ ਵਿਚ ਪਰਸਪਰ ਮਤ-ਭੇਦ ਪਰਗਟ ਹੁੰਦਾ ਹੋਵੇ ਤਾਂ ਉਥੇ ਨਿਰਸੰਦੇਹ ਗੁਰਬਾਣੀ ਦਾ ਫੁਰਮਾਨ ਹੀ ਸਹੀ ਸਮਝਿਆ ਜਾ ਸਕਦਾ ਹ । ਮਾਸ ਖਾਣ ਦਾ ਮਾਸਲਾ ਇਸੇ ਦ੍ਰਿਸ਼ਟੀਕੋਣ ਤੋ ਪਰਖਿਆ ਜਾਣਾ ਉਚਿਤ ਹੈ ।

ਕੁਝ ਸਾਲ ਹੋਏ, ਕਲਕੱਤੇ ਤੋਂ ਛਪਦੇ ਅੰਗਰੇਜੀ ਦੇ ਰਸਾਲੇ 'ਸਿਖ ਰੀਵੀਊ' ਵਿਚ ਮਾਸ ਸੰਬੰਧੀ ਚਰਚਾ ਛਿੜੀ ਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੇ ਅਗਸਤ ੧੯੬੨ ਅਤੇ ਸਤੰਬਰ ੧੯੬੨ ਦੇ ਇਸ ਰਸਾਲੇ ਵਿਚ ਦੋ ਲੇਖ ਅੰਗਰੇਜੀ ਵਿਚ ਛਪ । ਭਾਈ ਸਾਹਿਬ ਨੇ ਇਹਨਾ ਲੇਖਾਂ ਨੂੰ ਪੰਜਾਬੀ ਰੂਪ ਦੇ ਦਿੱਤਾ ।

ਇਸ ਕਿਤਾਬਚੇ ਦੇ ੬ ਸੰਸਕਰਣ 'ਸੂਰਾ' ਮਾਸਕ ਪੱਤਰ ਵੱਲੋ ਛਪਵਾਏ ਗਏ ਤੇ ਸੰਗਤਾ ਵੱਲੋਂ ਇਸ ਦੀ ਭਰਪੂਰ ਸਰਾਹਨਾ ਕੀਤੀ ਗਈ । ਇਸ ਦੀ ਲਗਾਤਾਰ ਆ ਰਹੀ ਮੰਗ ਨੂੰ ਮੁੱਖ ਰੱਖ ਕੇ ਟ੍ਰਸਟ ਵੱਲੋਂ ਇਸ ਦਾ ਪੁਨਰ -ਪ੍ਰਕਾਸ਼ਨ ਕੀਤਾ ਜਾ ਰਿਹਾ ਹੈ ।

ਟ੍ਰਸਟ ਵੱਲੋਂ ਪ੍ਰਕਾਸ਼ਤ ਗੁਰਮਤਿ ਸਾਹਿਤ ਲਾਗਤ-ਮਾਤ੍ਰ ਭੇਟਾ ਤੇ ਸੰਗਤਾਂ ਤਕ ਪੁਚਾਇਆ ਜਾਂਦਾ ਹੈ ।

ਗੁਰਸਿੱਖ ਪ੍ਰੇਮੀਆਂ ਦੇ ਸਹਿਯੋਗ ਨਾਲ ਇਹ ਕਾਗਜ ਚੱਲ ਰਿਹਾ ਹੈ । ਸਤਿਗੁਰੂ ਜੀ ਆਪ ਬਖਸ਼ਿਸ ਕਰ ਕੇ ਇਹ ਕਾਰਜ ਚੱਲ ਰਿਹਾ ਹੈ । ਸਤਿਗੁਰੂ ਜੀ ਆਪ ਬਖਸ਼ਿਸ ਕਰ ਕੇ ਇਹ ਸੇਵਾ ਲੈਂਦੇ ਰਹਿਣ ।

*ਕਨਵੀਨ*

*ਰ*

ਗੁਰਮਤਿ ਸਾਹਿਤ ਚੈਰੀਬਲ ਟ੍ਰਸਟ

ੴ ਸਤਿਗੁਰਪ੍ਰਸਾਦਿ ਛਙ

ਜਉ ਸਭ ਮਹਿ ਏਕ ਖੁਦਾਇ ਕਹਤ ਹਉ

# ਤਉ ਕਿਉ ਮੁਰਗੀ ਮਾਰੈ ?

ਭਾਈ ਜੋਗਿੰਦਰ ਸਿਘ ਤਲਵਾੜਾ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

**ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ**

ਰਜਿ: ਦਫ਼ਤਰ-ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਟ੍ਰਸਟ ਵੱਲੋਂ

ਪਹਿਲੀ ਵਾਰ ਅਪ੍ਰੈਲ ੧੯੯੫

ਦੂਜੀ ਵਾਰ ਜਨਵਰੀ ੧੯੯੮

ਤੀਜੀ ਵਾਰ ਜੂਨ ੨੦੦੧

ਚੌਥੀ ਵਾਰ ਜੁਲਾਈ ੨੦੦੬

ਪੰਜਵੀਂ ਵਾਰ ਮਈ ੨੦੧੦

**ਮੁੱਲ : ੬-੦੦ ਰੁਪਏ**

*ਮਿਲਣ ਦਾ ਪਤਾ :*

**ਸਿੰਘ ਬ੍ਰਦਰਜ਼**

•

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail: singhbro@vsnl.com

Website: www.singhbrothers.com

ਪ੍ਰਕਾਸ਼ਕ :

**ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ**

ਬਾਜਾਰ ਮਾਈ ਸੇਵਾਂ, ਅੰਮ੍ਰਿਤਸਰ

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

# ਨਵੀਂ ਐਡੀਸ਼ਨ ਦੀ ਪ੍ਰਵੇਸ਼ਕਾ

**੧.** ਇਸ ਟ੍ਰੈਕਟ ਦੀ ਪਹਿਲੀ ਐਡੀਸ਼ਨ ਸਮਾਪਤ ਹੋਣ ਤੇ ਹੁਣ ਇਹ ਨਵੀਂ ਐਡੀਸ਼ਨ ਛਾਪ ਕੇ ਗੁਰਮਤਿ-ਪ੍ਰੇਮੀਆਂ ਦੀ ਸੇਵਾ ਵਿਚ ਪੇਸ਼ ਕੀਤੀ ਜਾ ਰਹੀ ਹੈ । ਬਾਹਰਲੇ ਦੇਸ਼ਾਂ ਤੋਂ ਇਸ ਦਾ ਅੰਗਰੇਜੀ ਰੂਪ ਛਾਪਣ ਲਈ ਵੀ ਪ੍ਰਬਲ ਮੰਗ ਆਈ ਹੈ, ਉਸ ਲਈ ਵੀ ਪ੍ਰਬੰਦ ਕੀਤਾ ਜਾ ਰਿਹਾ ਹੈ ।

**੨.** ਮੇਰਾ ਧਿਆਨ ਸਤਿਕਾਰ ਯੋਗ ਵੀਰ ਸ. ਗੁਰਬਖਸ਼ ਸਿੰਘ ਜੀ ਕਾਲਾ ਅਫਗਾਨਾ ਵਲੋ ਪ੍ਰਕਾਸ਼ਤ ਪੁਸਤਕ ਮਾਸੁ ਕਰਿ ਮੂਰਖੁ ਝਗੜੇ ਵਲ ਦਿਵਾਇਆ ਗਿਆ ਹੈ । ਮੈਂ ਇਸ ਪੁਸਤਕ ਨੂੰ ਗਹੁ ਨਾਲ ਵਾਚਿਆ ਹੈ । ਮੈਨੂੰ ਇਸ ਵਿਚ ਕੋਈ ਨਵੀਂ ਗੱਲ ਨਹੀਂ ਦਿਸੀ, ਪੁਰਾਣੀਆਂ ਘਿਸੀਆਂ ਪਿਟੀਆਂ ਦਕੀਆਨੂਸੀ ਦਲੀਲਾਂ ਹੀ ਦੁਹਰਾਈਆਂ ਹੋਇਆ ਹਨ, ਜਿਨ੍ਹਾਂ ਸੰਬਧੀ ਸੰਖੇਪ ਜਿਹੀ ਪਰ ਭਾਵ - ਪੂਰਤ ਵਿਚਾਰ ਹੱਥਲੇ ਟ੍ਰੈਕਟ ਵਿਚ ਪਹਿਲਾਂ ਹੀ ਕੀਤੀ ਹੈ । ਉਭਰਵੇਂ ਮੁਦੇ ਫਿਰ ਸਪੱਸ਼ਟ ਕੀਤੇ ਜਾਂਦੇ ਹਨ ।

**੩.** ਵੀਰ ਕਾਲਾ ਅਫਗਾਨਾ ਜੀ ਦੀ ਉਪ੍ਰੋਤਕ ਦੀ ਵਿਸ਼ੇਸ਼ਤਾ ਕੇਵਲ ਇਹ ਹੈ ਕਿ ਇਸ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਵਿਰੁਧ ਰਜ ਕੇ ਭੜਾਸ ਢ ਕਢੀ ਹੋਈ ਹੈ । ਅਸਲ ਗੱਲ ਇਹ ਹੈ ਕਿ ਮਾਸ ਦੇ ਚਸਕਾਲੂ ਵੀਰਾਂ ਨੂੰ ਓਦੋਂ ਤਕੜੀ ਢ ਪਿੱਝ ਚੜਦੀ ਹੈ ਜਦੋਂ ਕੋਈ ਮਾਸ ਖਾਣ ਵਿਰੁਧ ਪ੍ਰਚਾਰ ਕਰਦਾ ਹੈ । ਕਾਰਣ ਇਹ ਹੈ । ਕਾਰਨ ਇਹ ਹੈ  ਕਿ ਇਹ ਵੀਰ ਮਾਸ ਖਾਣ ਸੰਬੰਦੀ ਹਰ ਹਾਲਤ ਵਿਚ ਅਤੇ ਹਰ ਕੀਮਤ ਤੇ ਪੂਰੀ ਖੁਲ੍ਹ ਚਾਹੰਦੇ ਹਨ । ਮਾਸ ਖਾਣ ਨਾਲ ਸਬੰਦਤ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਵੀ ਇਵਨਾਂ ਨੂੰ ਓਹੀ ਪ੍ਰਵਾਨ ਹਨ, ਜਿਨ੍ਹਾਂ ਤੋਂ ਮਾਸ ਖਾਣ ਦੀ ਖੁਲ੍ਹ ਮਿਲਦੀ ਦਿਸੇ ।

**੪.** ਭਾ: ਸਾ: ਭਾਈ ਰਣਧੀਰ ਸਿੰਘ ਜੀ ਨੇ ਆਪਣਾ ਸਮੂੱਚਾ ਜੀਵਨ ਨਾਮ ਬਾਣੀ ਦੇ ਨਿਰੰਤਰ ਅਭਿਆਸ ਵਿਚ ਬਤੀਤ ਕੀਤਾ । ਉਹਨਾਂ ਨੇ ਗੁਰਬਾਣੀ ਨੂੰ ਜੀਵਨ - ਆਧਾਰ ਬਣਾਇਆ ਅਤੇ ਗੁਰਬਾਣੀ ਦੇ ਰਹੱਸ ਨੂੰ ਆਤਮ - ਤਲ ਤੇ ਜਾਣਿਆ ਅਤੇ ਮਾਣਿਆ । ਗੁਰਬਾਣੀ ਦਾ ਗੁਹਜ - ਭਾਵ ਉਹਨਾਂ ਦੇ ਰਗੋ-ਰੇਸ਼ੇ ਵਿਚ ਰਚਿਆ ਹੋਇਆ ਸੀ, ਇਸ ਲਈ ਗੁਰਬਾਣੀ ਦੇ ਅਰਥ -ਭਾਵ ਸਮਝਣ ਨਈ ਓਹਨਾਂ ਨੂੰ ਕਿਸੇ ਵਿਸ਼ੇਸ਼ ਟੀਕਾਕਾਰ ਦੀ ਮੁਥਾਜੀ

ਨਹੀਂ ਸੀ । ਗੁਰਬਾਣੀ ਨਾਲ ਆਤਮ-ਪਰਚਾ ਪੈ ਜਾਣ ਸਕਦਾ ਉਹਨਾਂ ਨੂੰ ਅਨੁਭਵ ਹੋਇਆ ਕਿ ਮਾਸ ਖਾਣ ਲਈ ਹਰ ਕਿਸੇ ਨੂੰ ਪਸ਼ੂ-ਪੰਛੀਆਂ ਦਾ ਸੰਘਾਰ ਕਰਨਾ-ਕਰਾਉਣਾ ਪੈਂਦਾ ਹੈ, ਜੋ ਨਿਰਸੰਦੇਹ ਹਿੰਸਕ ਕਰਮ ਹੈ ! ਹਤਿਆ ਹੈ !! ਜੋਰ-ਜੁਲਮ ਹੈ !!!

ਸੋ, ਉਹਨਾਂ ਨੇ ਇਸ ਸੰਬੰਧੀ ਗੁਰਬਾਣੀ ਦੇ ਸੱਚ ਨੂੰ ਪੂਰੀ ਦਿੜ੍ਹਤਾ ਅਤੇ ਨਿਰਭੈਤਾ ਨਾਲ ਸਿਖ-ਜਗਤ ਤਕ ਪਹੁੰਚਾਉਣ ਦਾ ਹੌਸਲਾ ਕੀਤਾ-ਇਸ ਗੱਲ ਤੋਂ ਬੇਪਰਵਾਹ ਹੋ ਕੇ ਕਿ ਇਸ ਵਜੋਂ ਕੋਈ ਉਹਨਾਂ ਨੂੰ ਚੰਗਾ ਆਖਦਾ ਹੈ ਜਾਂ ਮੰਦਾ ।

**੫.** ਜੇ ਦੇਸ ਪ੍ਰਦੇਸ ਦੇ ਬੇਅੰਤ ਗੁਰਸਿਖ ਗੁਰਬਾਣੀ ਦੇ ਸੱਚ ਨੂੰ ਪੜ੍ਹ-ਸੁਣ ਕੇ ਜੀਵਾਂ ਉਤੇ ਜੋਰ-ਜੁਲਮ ਕਰ ਕੇ ਹਤਿਆਰੇ ਬਣਨ ਤੋਂ ਬਚ ਗਏ ਹਨ ਤਾਂ ਇਸ ਵਿਚ ਭਾਈ ਸਾਹਿਬ ਜੀ ਦੀ ਨਹੀਂ, ਸਗੋਂ ਗੁਰਬਾਣੀ ਦੀ ਵਿਡਿਆਈ ਹੈ । ਭਾਈ ਸਾਹਿਬ ਜੀ ਨੇ ਤਾਂ ਗੁਰੂ ਆਸਰੇ ਕੇਵਲ ਗੁਰਬਾਣੀ ਦੇ ਸੱਚ ਦਾ ਪਲੂ ਫੇਰਨ ਦੀ ਸੇਵਾ ਹੀ ਕੀਤੀ, ਜੋ ਸਤਿਗੁਰਾਂ ਦੀ ਭੈ-ਭਾਵਨੀ ਸਕਦਾ ਸਫਲੀ ਹੋਈ ਤੇ ਲੱਖਾਂ ਦੀ ਗਿਣਤੀ ਵਿਚ ਗੁਰਸਿਖ ਸਤਿਗੁਰਾਂ ਦੀ ਭੈ-ਭਾਵਣੀ ਸਕਦਾ 'ਗਲਵਢ ਹਤਿਆ ਕਮਾਹਿ' ਦੇ ਪਾਪ-ਕਰਮ ਤੋਂ ਬਚ ਗਏ, ਬਚ ਗਏ, ਬਚ ਰਹੇ ਹਨ ਅਤੇ ਬਚਦੇ ਰਹਿਣਗੇ । ਇਸ ਵਜੋਂ ਜੇ ਕੋਈ ਵੀਰ ਖਿੱਝ ਖਾ ਕੇ ਭਾਈ ਸਾਹਿਬ ਵਿਰੁਧ ਭੜਾਸ ਕਢਦਾ ਹੈ ਤਾਂ ਇਸ ਨਾਲ ਉਹਨਾਂ ਦੀ ਰਿਰਮਲ ਸ਼ਖਸੀਅਤ ਨੂੰ ਕੋਈ ਹਾਨੀ ਨਹੀਂ ਪੁਕਦੀ । ਭਲਾ, ਚੰਨ ਉਤੇ ਥੁਕਆਂ ਚੰਨ ਕਦੀ ਮੈਲਾ ਹੋਇਐ? ਹਰਗਿਜ ਨਹੀਂ । ਗੁਰਬਾਣੀ ਦਾ ਰਸਿਆ ਹਰੇਕ ਗੁਰਸਿਖ ਉਹਨਾ ਦੇ ਵਿਚਾਰਾਂ ਨੂੰ ਗੁਰਬਾਣੀ ਦੇ ਚਾਨਣ ਵਿਚ ਪਰਮ-ਨਿਰਖ ਸਕਦਾ ਹੈ ।

**੬.** ਭਾਈ ਸਾਹਿਬ ਜੀ ਨੇ ਧਰਮ ਦੀ ਖਾਤਰ ਉਮਰ-ਕੈਦ-ਭੋਗੀ ਅਤੇ ਉਸ ਸਮੇਂ ਜੇਲ੍ਹ ਦੇ ਦਿਲ-ਹਿਲਾਊ ਤਸੀਹੇ ਸਹਿ ਕੇ ਸਿੱਖੀ ਸਿਦਕ ਪੂਰਨ ਦਿੜ੍ਹਤਾ ਨਾਲ ਨਿਭਾਇਆ ਅਤੇ ਇਸ ਤਰ੍ਹਾਂ ਅਮਲੀ ਤੌਰ ਤੇ ਸਬੂਤ ਪੇਸ਼ ਕੀਤਾ ਕਿ ਖਾਲਸਈ ਸੂਰਮਗਤੀ ਮਾਸ ਖਾਣ ਦੇ ਚਸਕੇ ਅਧੀਨ, ਮਾਸੂਮ ਪਸ਼ੂ-ਪੰਛੀਆਂ ਉਤੇ ਸ਼ਸਤਰ-ਪ੍ਰਚਾਰ ਕਰਨ ਨਾਲ ਨਹੀਂ, ਸਗੋਂ ਗੁਰੂ-ਹੁਕਮਾ ਦੇ ਭੈ ਵਿਚ ਵਿਚਰਦਿਆਂ ਆਤਮ-ਬਲੀਦਾਨ ਦੇਣ ਦੀ ਭਾਵਨਾ ਅਧੀਨ ਉਗਮਦੀ ਹੈ ।

## ਵਿਵਾਦ-ਗ੍ਰਸਤ ਮਾਸਲਾ

ਵਿਵਾਦ-ਗ੍ਰਸਤ ਮਸਲਾ ਵਿਚ ਮਾਸ-ਸਾਗ ਦੇ ਨਿਰਣੈ ਦਾ ਨਹੀਂ । ਅਮਲ਼ੀ ਮੁੱਦਾ ਮਾਸ-ਪ੍ਰਾਪਤੀ ਲਈ ਜੀਵਾਂ ਉਤੇ ਕੀਤੇ ਜਾਣ ਵਾਲੇ ਜੋਰ-ਜਬਰ ਅਥਵਾ ਜੁਲਮ ਦਾ ਹੈ, ਜਿਸ ਸੰਬੰਧੀ ਗੁਰਬਾਣੀ ਦਾ

ਨਿਰਣਾ ਬਿਲਕੁਲ ਸਪੱਸ਼ਟ ਹੈ । ਐਵੇਂ ਕੋਈ ਅਰਥਾਂ ਦੀ ਹੇਰਾ-ਫੇਰੀ ਦਾ ਆਸਰਾ ਲੈ ਕੇ ਜੋਰ-ਜੁਲਮ ਦੇ ਦੋਸ਼ ਤੋਂ ਬਚਣਾ ਚਾਹੇ ਤਾਂ



ਉਸ ਦੀ ਮਰਜੀ ; ਪਰ ਬਚ ਸਕਣਾ ਸੰਭਵ ਨਹੀਂ ।

'ਅਸੰਖ ਗਲਵਢ ਹਤਿਆ ਕਮਾਹਿ'ਦੇ ਅਰਥਾਂ ਵਿਚ ਸ਼ਕ ਦੀ ਕੀ ਗੁੰਜਾਇਸ਼ ਹੈ ? ਅਰਥ ਸਪੱਸ਼ਟ ਹੈ, (ਕਿਸੇ ਵੀ ਖੁਦ-ਗਰਜ-ਪ੍ਰਯੋਜਨ ਅਥਵਾ ਹਵਸ ਅਧੀਨ) ਕਿਸੇ ਵੀ ਜੀਵ (ਮਨੁੱਖ, ਪਸ਼ੂ ਜਾਂ ਪੰਛੀ) ਦਾ ਗਲਾ ਵੱਢਣ ਵਾਲੇ ਹਤਿਆਰੇ ਮਨੁੱਖਾਂ ਲਈ ਸਿੱਧਾ ਸਵਾਲ ਹੈ :

ਮਾਸ ਖਾਨਿ ਗਲ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ ॥

*(ਵਾਰ ੩੨, ਪਉੜੀ ੨੧, ਭਾਈ ਗੁਰਦਾਸ ਜੀ)*

ਮਾਸ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ ॥

*(ਵਾਰ ੨੫, ਪਉੜੀ ੧੭, ਭਾਈ ਗੁਰਦਾਸ ਜੀ)*

{ਜੋ ਮਨੁੱਖ ਮਾਸੂਮ ਪਸ਼ੂ-ਪੰਛੀਆਂ ਦਾ ਗਲਾ ਵਢ ਕੇ ਮਾਸ ਭਸ਼ਣ ਕਰਦੇ ਹਨ, ਉਹਨਾਂ ਦਾ (ਸਚੀ ਦਰਗਾਰ ਵਿਚ) ਕੀ ਹਾਲ ਹੋਵੇਗਾ?}

# ਸਵਾਲ ਸਿੱਧਾ ਹੈ

**ਜੀਅ ਬਧਹੁ ਸੁ ਧਰਮ ਕਹਿ ਬਾਪਹੁ ਅਧਰਮੁ ਕਹਹੁ ਕਤ ਭਾਈ ॥**
**ਆਪਸ ਕਉ ਮੁਨਿਵਰ ਕਰਿ ਬਾਪਹੁ ਕਾ ਕਉ ਕਹਹੁ ਕਮਾਈ ॥**

*(ਪੰਨਾ ੧੧੦੩)*

{ਜੀਭ ਦੇ ਚਸਕੇ ਅਧੀਨ ਜੀਵ-ਹਤਿਆ ਕਰਦੇ ਹੋ ਅਤੇ ਇਸ ਨੂੰ ਧਰਮ (ਖਾਲਸਾ-ਰਹਿਤ) ਨਿਰਧਾਰਤ ਕਰਦੇ ਹੋ ਤਾਂ ਅਧਰਮ (ਕੁ-ਰਹਿਤ) ਫਿਰ ਕਿਸ ਨੂੰ ਆਖੋਗੇ ? (ਜੀਵ-ਹਤਿਆ ਦਾ ਨਿੰਦਤ ਕਰਮ ਕਰਨ ਦੇ ਬਾਵਜੂਦ) ਆਪਣੇ ਆ ਨੂੰ ਸ੍ਰੇਸ਼ਟ ਪੁਰਸ਼ (ਸੰਤ-ਖਾਲਸੇ) ਮੰਨਦੇ ਹੋ ਤਾਂ ਫਿਰ ਕਸਾਈ ਕਿਸ ਨੂੰ ਆਖੋਗੇ ?}

# ਸਵਾਲ ਸਪੱਸ਼ਟ ਹੈ

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥** *(ਪੰਨਾ ੧੪੦)*

{"ਜੇ (ਤਨ ਤੇ ਪਹਿਨੇ) ਕਪੜੇ ਉਤੇ ਖੂਨ ਦੀ ਛਿਟ ਪੈ ਜਾਏ ਤਾਂ ਪੁਸ਼ਾਕ ਅਪਵਿੱਤਰ ਹੋ ਗਈ ਸਮਝੀਦੀ ਹੈ, ਤਾਂ ਫਿਰ ਜਿਹੜੇ ਮਨੁੱਖ (ਮਾਸੂਮ ਜਾਨਵਰਾਂ ਨੂੰ ਮਾਰ ਕੇ ਮਾਸ ਦੇ ਰੂਪ ਵਿਚ ਉਹਨਾਂ ਦੀ) ਰਤ ਪੀਂਦੇ ਹਨ ਉਹਨਾਂ ਦਾ ਚਿਤ ਕਿਵੇ ਪਵਿੱਤਰ ਰਹਿ ਸਕਦਾ ਹੈ ?}

*ਨੋਟ :* ਉਪ੍ਰੋਕਤ ਅਰਥ ਗੁਰਬਾਣੀ ਦੇ ਲਗਮਾਤ੍ਰੀ ਨੇਮਾਂ ਅਤੇ ਸਲੋਕ ਦੇ ਪ੍ਰਸੰਗ ਅਨੁਸਾਰ ਹੈ । ਪ੍ਰਸੰਗਕ ਅਰਥ ਹੈ :



ਰਤ ਕਪੜੇ ਨੂੰ ਲਗੇ ਕਪੜਾ ਪਲੀਤ ।
ਜੇ ਰਤ ਚਿਤ ਨੂੰ ਲਗੇ ਚਿਤ ਪਲੀਤ ।

ਉਪ੍ਰੋਕਤ ਸਲੋਕ ਵਿਚ 'ਮਾਣਸਾ' ਸ਼ਬਦ ਦਾ ਉਚਾਰਣ ਬਿੰਦੇ ਰਹਿਤ ਹੈ ਅਤੇ ਵਿਆਕਰਣ ਅਨੁਸਾਰ ਇਹ ਕਰਤਾ ਕਾਰਕ ਬਹੁ-ਵਚਨ ਦਾ 'ਸਾਧਾਰਨ ਰੂਪ' ਹੈ ।

ਮਾਸ-ਆਹਾਰੀ ਵੀਰ ਇਸ ਸ਼ਬਦ (ਮਾਣਸਾ) ਦਾ ਉਚਾਰਣ ਨਾਸਕੀ ਕਰਦੇ ਹਨ ਅਤੇ ਦਲੀਲ ਦੇਂਦੇ ਹਨ ਕਿ ਇਸ ਸਲੋਕ ਵਿਚ ਮਨੁਖਾਂ ਦੀ ਰਤ ਪੀਣ, ਭਾਵ, ਉਹਨਾਂ ਉਤੇ ਜ਼ੁਲਮ ਕਰਨ ਵਾਲਿਆਂ ਦੀ ਨਿਖੇਧੀ ਹੈ ।

ਕੋਈ ਪੁੱਛੋ ! ਮਨੁੱਖ ਨੂੰ ਤਾਂ ਚੂੰਢੀ ਵੀ ਵਢੀ ਜਾਏ ਤਾਂ ਉਸ ਦੀ ਰਤ ਪੀਤੀ ਮੰਨੀ ਜਾਂਦੀ ਹੈ, ਪਰ ਵਿਚਾਰੇ ਮਾਸੂਮ ਪਸ਼ੂ-ਪੰਛੀਆਂ ਦੀ ਸ਼ਾਹ-ਰਗ ਵੀ ਵਢੀ ਜਾਏ ਤਾਂ ਜ਼ੁਲਮ ਨਹੀਂ ਸਮਝਿਆ ਜਾਂਦਾ । ਕਿੰਨੇ ਪੱਖ-ਪਾਤੀ ਤੇ ਹੇਰਾ-ਫੇਰੀ ਵਾਲੇ ਅਰਥ ਕੀਤੇ ਜਾਂਦੇ ਹਨ ।

ਜ਼ੁਲਮ ਭਾਵੇਂ ਮਨੁੱਖਾਂ ਉਤੇ ਹੋਵੇ ਜਾਂ ਪਸ਼ੂ-ਪੰਛੀਆਂ ਉਤੇ, ਨਿੰਦਰ ਕਰਮ ਹੈ, ਪਾਪ-ਕਰਮ ਹੈ । ਪਰ ਜ਼ੁਲਮ ਕਰ ਕੇ ਚਤੁਰਾਈਆਂ ਨਾਲ ਉਸ ਨੂੰ ਲੁਕਾਉਣ ਦਾ ਜਤਨ ਕਰਨਾ ਜਾਂ ਉਸ ਤੋਂ ਇਨਕਾਰੀ ਹੋਣਾ ਦੂਹਰਾ ਪਾਪ ਹੈ ।

ਉਪ੍ਰੋਕਤ ਸਿੱਧੇ ਸਵਾਲ ਤਾਂ ਉਹਨਾਂ ਲਈ ਹਨ ।

"ਅਖੇ ਜੀ ! ਇਹ ਸਵਾਲ ਤਾਂ ਉਹਨਾਂ ਲਈ ਹਨ ਜੋ ਅੱਲਾਂ ਦੇ ਨਾਂ ਜੀਵਾਂ ਦੀ ਕੁਰਬਾਨੀ ਦੇਣ ਦਾ ਦਾਆਵਾ ਕਰਦੇ ਹਨ, ਪਰ ਜੀਭ ਦੇ ਚਸਕੇ ਅਧੀਨ ਉਹਨਾਂ ਦਾ ਮਾਸ ਆਪ ਖਾ ਪੀ ਜਾਂਦੇ ਹਨ ਤੇ ਏਸ ਤਰ੍ਹਾਂ ਰਬੱ ਨਾਲ ਠੱਗੀ ਕਰਦੇ ਹਨ ।"

ਇਹ ਦਲੀਲ ਬਿਲਕੁਲ ਬੋਦੀ ਹੈ । ਰੱਬ ਨਾਲ ਠੱਗੀ ਤਾਂ ਓਦੋਂ ਹੀ ਹੋ ਗਈ ਜਦੋਂ ਕਿਸੇ ਖ਼ੁਦ-ਗਰਜ ਮਨੁੱਖ ਨੇ ਆਪਾ-ਭਾਵ ਦੀ ਬਲੀ ਦੇਣ ਦੀ ਬਾਜਾਏ ਕਿਸੇ ਮਾਸੂਮ ਜੀਵ ਨੂੰ ਬਲੀ ਦਾ ਨਿਸ਼ਾਨਾ ਬਣਾ ਲਿਆ । ਸ੍ਰੀ ਕਬੀਰ ਜੀ ਨੇ ਦੀਰਘ ਦਿਰਘ ਦ੍ਰਿਸ਼ਟੀ ਨਾਲ ਅਨੁਭਵ ਕਰ ਲਿਆ ਸੀ ਕਿ ਮਨੁੱਖ ਦਾ ਜੀਵ-ਹਤਿਆ ਦਾ ਅਸਲੀ ਮੰਤਵ ਰੱਬ ਨੂੰ ਗੰਝਾਉਣਾ ਨਹੀਂ, ਸਗੋਂ ਜੀਬ ਦੀ

ਚਸਕਾ-ਪੂਰਤੀ ਹੈ । ਆਪ ਫੁਰਮਾਉਂਦੇ ਹਨ :

**ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥**

**ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥** *(ਪੰਨਾ ੪੮੩)*

{(ਮਾਸ ਦਾ ਚਸਕੋਰਾ ਮਨੁੱਖ) ਰੋਜਾ ਰਖਦਾ ਹੈ ਅਤੇ ਇਸ ਤਰਾਂ ਅੱਲਾ ਮੀਆਂ ਨੂੰ ਪ੍ਰਸ਼ਾਨ ਕਰਨ ਦਾ ਜਤਨ

ਕਰਦਾ ਹੈ, ਪਰ ਜੀਭ ਦੇ ਚਸਕੇ ਅਧੀਨ ਮਾਸੂਮ ਜੀਵਾਂ ਸ਼ੰਘਾਰ ਕਰਦਾ ਹੈ ।



ਆਪ (ਮਾਸ ਖਾਣ ਦਾ ਆਪਣਾ ਗਰਜ-ਗ੍ਰਸਤ ਪ੍ਰਯੋਜਨ) ਮੂਹਰੇ ਰਖਦਾ ਹੈ, ਹੋਰਨਾਂ (ਜੀਵਾਂ ਦੇ ਕਸ਼ਟ) ਵਲ ਗਹੁ ਨਹੀਂ ਕਰਦਾ । { ਇਹ ਧਰਤੀ ਦਾ ਸਰਦਾਰ ਮਨੁੱਖ ) ਜੀਵ ਹਤਿਆ ਦੀ ਝਖ ਕਿਉਂ ਮਾਰਦਾ ਹੈ ?}

ਮਾਸ ਦੇ ਚਸਕਾਲੂ ਵੀਰਾਂ ਨੂੰ ਆਪਣੀ ਜਮੀਰ ਨੂੰ ਟਟੋਲਣਾ ਬਣਦਾ ਹੈ ਕਿ ਕੀ ਉਹ ਵੀ ਸ੍ਰੀ ਕਬੀਰ ਜੀ ਦੇ ਕਥਨ ਅਨੁਸਾਰ ਝਖ ਤਾਂ ਨਹੀ ਆਖਦੇ ਹਨ ਕਿ ਮਾਸ ਖਾਣ ਵਿਚ ਜੀਵਾਂ ਦਾ ਸੰਘਾਰ ਬਿਲਕੁਲ ਨਹੀਂ ਹੁੰਦਾ ? ਫਿਰ, ਆਪਣੇ ਜੀਵ-ਹਤਿਆ ਦੇ ਪਾਪ-ਕਰਮ ਉਤੇ ਪੜਦਾ ਪਾਉਣ ਲਈ ਝਟਕੇ/ਹਲਾਲ ਦਾ ਢਕਵੰਜ ਰਚ ਕੇ ਕੀ ਉਹ ਆਪਣੀ ਜਮੀਰ ਨਾਲ ਅਤੇ ਗੁਰਬਾਣੀ ਦੇ ਸਿਧਾਂਤ ਨਾਲ ਠੱਗੀ ਤਾਂ ਨਹੀਂ ਮਾਰ ਰਹੇ ?

## ਝਟਕੇ ਅਤੇ ਹਲਾਲ ਦਾ ਖੜ-ਯੰਤਰ

ਜੀਵ-ਹਤਿਆ ਦੇ ਸੰਕਲਪ ਨੂੰ ਖੁਰਦ-ਬੁਰਦ ਕਰਨ ਲਈ ਮਾਸ ਖਾਣ ਦੇ ਮੁੱਦਈ ਵੀਰਾਂ ਨੇ ਝਟਕੇ ਅਤੇ ਹਲਾਲ ਦਾ ਖੜ-ਯੰਤਰ ਰਚਿਆ ਹੋਇਆ ਹੈ । ਜੇ ਜਰਾ ਦੀਰਘ ਅਤੇ ਨਿਰਪੱਖ ਦ੍ਰਿਸ਼ਟੀ ਨਾਲ ਵਿਚਾਰ ਕਰ ਕੇ ਵੇਖਿਆ ਜਾਵੇ ਤਾਂ ਸਥਿਤੀ ਨਿਖਰ ਕੇ ਸਪਸ਼ਟ ਹੋ ਜਾਂਦੀ ਹੈ ਕਿ ਅਸਲੀ ਮੁਦੱਾ ਜੀਵਾਂ ਨੂੰ ਮਾਰਨ ਦੇ ਢੰਗ-ਤਰੀਕੇ ਦਾ ਨਹੀਂ, ਸਗੋਂ ਸੁਇਅਮ ਜੀਵ-ਹਤਿਆ ਦਾ ਹੈ ।

ਜੀਭ ਦੇ ਚਸਕੇ ਅਧੀਨ ਜੀਵ -ਹਤਿਆ -ਮਈ ਪਾਪ-ਕਰਮ ਕਮਾ ਕੇ ਪ੍ਰਾਪਤ ਕੀਤੇ ਮਾਸ ਨੂੰ ਜੇ ਕੋਈ ਚਤੁਰ-ਚਲਾਕ ਮੁਸਲਮਾਨ ਵੀਰ 'ਹਲਾਲ' ਆਖੇ ਅਤੇ ਕੋਈ ਸਿਖ ਵੀਰ ਉਸ ਨੂੰ 'ਮਹਾਂ-ਪ੍ਰਸ਼ਾਦ' ਆਖੇ ਤਾਂ ਇਹ ਉਹਨਾ ਦਾ ਫਜੂਲ ਢੋਂਗ ਹੈ ! ਕੋਰਾ ਪਰਪੰਚ ਹੈ !! ਸੱਚ ਪੁੱਛੋ ਤਾਂ ਇਹ ਆਪਣੇ ਆਪ ਨਾਲ ਧ੍ਰੋਹ ਕਮਾਉਣ ਵਾਨੀ, ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਅਤੇ ਧਾਰਮਿਕ ਵਿਚਲੇ ਰੱਬੀ-ਇਲਹਾਮ ਅਨੁਸਾਰ ਜੀਵਾਂ ਦਾ ਮਾਲਕ ਅਜਿਹੇ ਢੁਚਰ-ਬਾਜ ਲੋਕਾਂ ਤੋਂ ਇਸ ਪਾਪ-ਕਰਮ ਦਾ ਲੇਖਾ ਅਵੱਸ਼ ਲਵੇਗਾ । ਜਰਾ ਸੋਚ ਲੈਣ ! ਫਿਰ

ਉਹਨਾਂ ਨਾਲ ਕੀ ਗੁਜਰੇਗੀ !!

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ
ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ
ਹੋਇਗਾ ਕਉਣੁ ਹਵਾਲੁ ॥ ੧੯੯ ॥ *(ਪੰਨਾ ੧੩੭੫)*

ਅਜਿਹੇ ਚਾਤੁਰ ਵੀਰਾਂ ਦੀ ਗਿਆਤ ਲਈ ਗੁਰਬਾਣੀ ਰੱਬੀ-ਸੱਚ ਨਿਰੂਪਣ ਕਰਦੀ



ਹੈ ਕਿ 'ਹਰਾਮ' ਵਿਚ ਕਈ ਮਸਾਲੇ ਪਾਉਣ ਨਾਲ ਵੀ ਉਹ 'ਹਲਾਲ' ਨਹੀਂ ਹੋ ਸਕਦਾ, ਭਾਵ, ਮੰਦੀ ਨੀਯਤ ਅਧੀਨ ਕੀਤੇ ਕਿਸੇ ਮੰਦੇ ਕਰਮ (ਹਰਾਮ) ਉਤੇ ਪੜਦਾ ਪਾਉਣ ਲਈ ਜੋ ਕੋਈ ਉਤੋਂ ਉਤੋਂ ਰੱਬੀ ਕਲਾਮ ਪੜ੍ਹਨ ਦਾ ਢਕਵੰਜ ਰਚਦਾ ਹੈ ਤਾਂ ਉਹ 'ਮੰਦ', 'ਚੰਗ' ਵਿਚ ਕਿਵੇਂ ਬਦਲ ਸਕਦਾ ਹੈ ?

ਮਾਰਣ ਪਾਹਿ ਹਰਾਮ ਮਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥੨॥੭॥

*(ਪੰਨਾ੧੪੧)*

ਵਿਵਾਦ-ਗ੍ਰਸਤ ਸ਼ਬਦਾਂ 'ਕੁਠਾ' 'ਹਲਾਲ' ਆਦਿ ਦਾ ਰਹੱਮ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਕਿਸੇ ਮਾਸ ਦੇ ਚਸਕਾਲੂ ਸ਼ੇਖ ਨੂੰ ਸਮਾਝਾਉਂਦੇ ਹੋਏ ਫਰਮਾਉਂਦੇ ਹਨ:

" 'ਸਚ' " ਦੀ ਛੁਰੀ ਹੋਵੇ, ਜਿਸ ਨੂੰ ਨਿਰੋਲ ਸਚ ਦਾ ਲੋਹਾ ਲੱਗਾ ਹੋਵੇ । ਫਿਰ ਉਹ

ਛੁਰੀ ਗੁਰ-ਸ਼ਬਦ ਦੀ ਸਾਣ ਉਤੇ ਤਿੱਖੀ ਕੀਤੀ ਕੀਤੀ ਹੋਈ ਹੋਵੇ ਅਤੇ ਰੱਬੀ-ਗੁਣਾਂ ਦੇ ਗਿਆਨ ਵਿਚ

ਸਾਂਭ ਕੇ ਰਖੀ ਹੋਈ ਹੋਵੇ ।

ਅਜਿਹੀ ਅਪਰ ਅਪਾਰ ਘਾੜਤ ਵਾਲੀ ਛੁਰੀ ਨਾਲ ਜੇ ਕੋਈ ਸ਼ੇਖ ਕੁਠਾ (ਕੋਹਿਆ) ਜਾਵੇ, ਫਿਰ ਉਸ ਦਾ

ਲਖ-ਲੋਭ ਵਾਲਾ ਲਹੂ ਨਿਕਲਿਆ ਵੇਖੋ, ਭਾਵ, ਉਹ ਫਿਰ ਲਬ-ਲੋਭ ਦੀ ਮੰਦ-ਭਾਵਨਾ ਤੋਂ ਮੁਕਤ ਹੋ

ਜਾਂਦਾ ਹੈ ।

ਇਸ ਤਰ੍ਹਾਂ ਹਲਾਲ (ਲਖ-ਲੋਭ ਦੀ ਮੰਦ-ਭਾਵਨਾ ਤੋਂ ਮੁਕਤ) ਹੋ ਕੇ ਉਹ ਸ਼ੇਖ ਸਚ-ਸਰੂਪ ਪ੍ਰਭੂ ਦੇ

ਚਰਨੀ ਜਾ ਲਗਦਾ ਹੈ ਅਤੇ ਪ੍ਰਭੂ-ਦਰ ਉਤੇ ਦੇ ਦੀਦਾਰ ਵਿਚ ਜਾ ਸਮਾਉਂਦਾ ਹੈ ।"

ਦਰਗਾਹੀ ਫੁਰਮਾਨ ਹੈ :

ਸਚ ਕੀ ਕਾਤੀ ਸਚੁ ਸਭੁ ਸਾਰੁ ॥
ਘਾੜਤ ਤਿਸ ਕੀ ਅਪਰ ਅਪਾਰ ॥
ਸਬਦੇ ਸਾਣ ਰਖਾਈ ਲਾਇ ॥
ਗੁਣ ਕੀ ਥੇਕੈ ਵਿਚਿ ਸਮਾਇ ॥
ਤਿਸ ਦਾ ਕੁਠਾ ਹੋਵੈ ਸੇਖੁ ॥
ਲੋਹੂ ਲਬੁ ਨਿਕਥਾ ਵੇਖੁ ॥
ਹੋਇ ਹਲਾਲੁ ਲਗੈ ਹਕਿ ਜਾਇ ॥
*ਨਾਨਕ ਦਰਿ ਦੀਦਾਰਿ ਸਮਾਇ॥੨॥੧੯॥*

*(ਵਾਰ ਰਾਮਕਲੀ, ੧, ਪੰਨਾ ੯੫੬)*

ਉਪ੍ਰੋਕਤ ਗੁਰ-ਉਪਦੇਸ਼ 'ਝਟਕੇ' 'ਹਲਾਲ' ਦਾ ਢਕਵੰਜ ਰਚਣ ਵਾਲਿਆਂ ਲਈ ਨਸੀਹਤ-ਆਮੋਜ (ਸਿਖਿਆ ਦੇਣ ਵਾਲਾ) ਹੈ ।



ਸੋ, ਮਨੁੱਖ ਨੂੰ ਚਾਹੀਏ ਕਿ ਉਹ ਸਚ ਦੀ ਖਾਤਰ ਆਪਣੇ ਆਪ ਦਾ ਬਲੀਦਾਨ ਦੇ ਕੇ, ਭਾਵ ਤੋਂ ਮੁਕਤ ਹੋ ਕੇ ਅਤੇ ਇੰਜ ਲਬ-ਲੋਭ ਦੀ ਵਾਸ਼ਨਾ ਤੋਂ ਛੁਟਕਾਰਾ ਪਾ ਕੇ ਖੁਦ ਹਲਾਲ (ਪਵਿਤਰ) ਹੋਵੇ, ਨਾ ਕਿ ਜੀਭ ਦੇ ਚਸਕੇ ਖਾਤਰ ਮਾਸੂਮ ਜੀਵਾਂ ਦੀ ਹਤਿਆ ਕਰ ਕੇ 'ਹਲਾਲ' ਦਾ ਢੌਂਗ ਰਚੇ ।

## ਮਾਸ ਅਤੇ ਅੰਨ

ਮਾਸ ਖਾਣ ਦੇ ਮੁੱਦਈ ਵੀਰ ਦਲੀਲ ਦੇਂਦੇ ਹਨ ਕਿ ਅੰਨ-ਦਾਣੇ ਖਾਣ ਵਾਲੇ ਸਜਣ ਵੀ ਜੀਵ-ਹਤਿਆ ਦੇ ਦੋਸ਼ ਤੋਂ ਮੁਕਤ ਨਹੀਂ ਹੋ ਸਕਦੇ, ਕਿਉਂਜੁ ਅੰਨ-ਦਾਣਿਆਂ ਵਿਚ ਵੀ ਜੀਵ ਹੰਦੇ ਹਨ । ਉਹਨਾਂ ਦੀ ਇਹ ਦਲੀਲ ਵੀ 'ਮਰਦਿਆਂ ਦੇ ਤਰਲੇ' ਲੈਣ ਵਾਲੀ ਗੱਲ ਹੈ ।

ਸਿਖ ਧਰਮ ਨਾ ਨਿਰੋਲ ਪਰਵਿਰਤੀ ਦਾ ਮਾਰਗ ਹੈ । ਅਤੇ ਨਾ ਨਿਰੋਲ ਨਿਰਵਿਰਤੀ ਦਾ, ਸਗੋਂ ਇਹ ਪਰਵਿਰਤੀ ਦਾ ਸਹਜ-ਮਾਰਗ ਹੈ । ਰਿਜਕ ਰੱਬ ਨੇ ਦਿਤਾ ਹੈ, ਸੋ ਇਹ ਅਵੱਸ਼ ਖਾਣਾ ਹੈ, ਨਾ ਕੀ ਜੀਭ ਦੇ ਚਸਕੇ ਅਧੀਨ । ਫਿਰ ਇਹ ਅੰਨ ਖਾਣਾ ਜੀਵਨ-ਨਿਰਬਾਹ ਲਈ ਹੈ, ਨਾ ਕਿ ਜੀਭ ਦੇ ਚਸਕੇ ਅਧੀਨ । ਫਿਰ ਇਹ ਅੰਨ ਖਾਣਾ ਹੈ ਨਾਮ ਜਪ ਕੇ ਜੀਵਨ ਸਫਲ ਕਰਨ ਲਈ । ਗੁਰਬਾਣੀ ਇਸ ਦੀ ਆਗਿਆ ਦੇਂਦੀ ਹੈ :

**ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥**

ਅੰਨ ਖਾਣ ਵਾਲਾ ਮਨੁਖ ਹਤਿਆਰਾ ਨਹੀਂ, ਜਿਵੇਂ ਗ੍ਰਹਸਤੀ ਮਨੁੱਖ ਭੋਗੀ ਹੋਣ ਦੇ ਬਾਵਜੂਦ ਧਰਮੀ ਹੈ, ਵਿਕਾਰੀ ਨਹੀਂ । ਹਾਂ, ਪਰ-ਗ੍ਰਿਹ ਦੀ ਝਾਕ ਅਵੱਸ਼ ਵਿਕਾਰੀ ਕਰਮ ਹੈ । ਅੰਨ-ਦਾਣੇ ਖਾਣ ਅਤੇ

ਮਾਸ ਖਾਣ ਵਿਚ ਵੀ ਉਹੋ ਹੀ ਫਰਕ ਹੈ ਜੋ ਇਕ ਧਰਮੀ ਗ੍ਰਿਹਸਤੀ ਮਨੁੱਖ ਅਤੇ ਪਰ-ਤਨ ਗਾਮੀ ਵਿਕਾਰੀਮਨੁੱਖ ਵਿਚ ਹੈ ।

ਫਿਰ ਕੇਸਾਂ ਨੂੰ ਕੰਘਾ ਕਰਨ ਵਾਲਾ ਸਿਖ ਪਤਿਤ ਨਹੀਂ, ਸਗੋਂ ਰਹਿਤਵਾਨ ਗਰਦਾਨਿਆ ਜਾਂਦਾ ਹੈ, ਭਾਵੇ ਕੰਘਾ ਕਰਨ ਨਾਲ ਕੁਝ ਮਰਦਾ ਕੇਸ ਅਵੱਸ਼ ਝੜਦੇ ਹਨ । ਦੂਜੇ ਪਾਸੇ ਫੈਸ਼ਨ-ਅਧੀਨ ਕੇਸਾਂ ਨੂੰ ਕੈਂਚੀ ਆਦਿ ਨਾਲ ਕਟਣ ਵਾਲਾ ਸਿਖ 'ਪਤਿਤ' ਹੁੰਦਾ ਹੈ । ਸੋ, ਅੰਨ-ਦਾਣੇ ਖਾਣ ਅਤੇ ਮਾਸ ਖਾਣ ਵਿਚ ਓਹੋ ਹੀ ਫਰਕ ਹੈ ਜੋ ਕੰਘਾ ਕਰਨ ਵਾਲੇ ਰਹਿਤਵਾਨ ਸਿਖ ਵਿਚ ਅਤੇ ਕੇਸ ਕਤਨ ਵਾਲ ਪ੍ਰਤਿਤ-ਕਰਮੀ ਸਿਖ ਵਿਚ ।

ਗੁਰਬਾਣੀ ਹੇਠ ਲਿਖੇ ਸਲੋਕ ਵਿਚ ਅੰਨ-ਦਾਣੇ ਅਤੇ ਮਾਸ, ਇਹਨਾ ਦੋਹਾਂ ਦਾ ਵਰਣਨ ਕਰ ਕੇ ਅੰਨ-ਦਾਨਿਆ ਦੇ ਸੇਵਨ ਦੀ ਆਗਿਆ ਦੇਂਦੀ ਹੈ ਅਤੇ ਜੀਵਾਂ ਦਾ ਗਲਾ ਵਢ ਕੇ ਮਾਸ-ਭੋਜਨ ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ :



**ਕਬੀਰ ਪ੍ਰੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ ॥**
**ਹੇਰਾ ਰੋਟੀ ਕਾਰਨੇ ਗਲਾ ਕਟਾਵੇ ਕਉਨੁ ॥੧੮੮॥** *(ਪੰਨਾ ੧੩੭੪)*

{ਹੇਰਾ ਰੇਟੀ-ਭੋਜਨ}

ਨਿਰਨਾ ਬਿਲਕੁਲ ਸਪੱਸ਼ਟ ਹੈ, ਕੋਈ ਮੰਨੇ ਭਾਵੇਂ ਨਾ ।

ਜਦੋਂ ਗੁਰਬਾਣੀ ਦੇ ਅਨੁਸ਼ਾਸਨ-ਸਿਕੰਜੇ ਵਿਚੋਂ ਨਿਕਲਨ ਦਾ ਕੋਈ ਰਾਹ-ਰਸਤਾ ਨਹੀਂ ਸੁਝਦਾ ਤਾਂ ਮਾਸ ਖਾਣ ਦੇ ਪੱਖੀ ਵੀਰ ਛਿੱਬੈ ਪੈ ਕੇ ਹੋਛੇ ਹਥਿਆਰਾਂ ਉਤੇ ਉਤਰ ਆਉਦੇ ਹਨ ਅਤੇ ਬ-ਥਵੀ ਹੁੱਸਤ ਭੇੜਦੇ ਹਨ ਕਿ ਇਹ ਮਾਸ ਵਿਰੋਧੀ ਵਿਚਾਰਧਾਰਾ ਤਾਂ ਭਗਤ ਕਬੀਰ ਜੀ ਦੀ ਹੈ । ਮਾਸ-ਚਸਕੇ ਦੇ ਲੋਰ ਵਿਚ ਇਹ ਵੀਰ ਭੁੱਲ ਜਾਂਦੇ ਹਨ ਕਿ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਅੰਕਿਤ ਸਮੱਗਰ ਬਾਣੀ ;ਗੁਰੁ-ਰੂਪ' ਹੈ । ਇਹ ਸਤਿਗੁਰੂ ਜੀ ਦੀ ਨਿੱਜੀ ਰਚਨਾ ਹੈ ਜਾਂ ਫਿਰ ਆਤਮ-ਦਰਸੀ ਭਗਤਾਂ ਅਤੇ ਭੱਟਾਂ ਦੀ ਰਚਨਾ ਹੈ, ਜਿਸ ਨੂੰ ਸ੍ਰੀ ਹਜੂਰ ਨੇ ਪ੍ਰਵਾਨ ਬੀੜ ਵਿਚ ਖੁਦ ਚੜ੍ਹਾਇਆ । ਸੋ, ਬਾਣੀ ਵਿਚਲੇ ਕਿਸੇ ਉਪਦੇਸ਼ ਉਤੇ ਕਿਸੇ ਕਿਸਮ ਦਾ ਕਿੰਤੂ ਕਰਨਾ 'ਕੁਫਰ' ਤੁਲ ਹੈ । ਸਤਿਗੁਰਾਂ ਦੇ ਅਦਬ ਵਜੋਂ ਅਤੇ ਨਿਜੀ

ਕਲਿਆਣ ਲਈ ਸਮੱਗਰ ਗੁਰਬਾਣੀ ਨੂੰ ਸਤਿ ਸਤਿ ਕਰ ਕੇ ਮੰਨਣਾ ਹਰ ਗੁਰਸਿੱਖ ਦਾ ਪਰਮ-ਧਰਮ ਹੈ :

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**
**ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਾਛਣੈ ॥੧॥੧੨॥**

*(ਵਾਰ ਸੋਰਠਿ, ਸਲੋਕ ਮ:੩, ਪੰਨਾ ੬੪੭)*

## ਮਾਸ-ਅਹਾਰੀ ਵਧੀਆ ਭੋਜਨ

ਮਾਸ-ਅਹਾਰੀ ਵੀਰ ਇਕੋ ਹੀ ਰਟ ਲਾਈਂ ਜਾਂਦੇ ਹਨ ਕਿ ਸਿਖ ਧਰਮ ਵਿਚ ਖਾਣ ਪੀਣ ਸੰਬਧੀ ਕੋਈ ਪਾਬੰਦੀ ਨਹੀਂ । ਇਹ ਕੋਰਾ ਝੂਠ ਹੈ । ਕੋਈ ਪੱਛੇ ! ਇਹ ਕੀ ਸਿਖ ਧਰਮ ਵਿਚ ਤਮਾਕੂ, ਭੰਗ, ਅਫੀਮ, ਸ਼ਰਾਬ ਆਦਿ ਦੇ ਸੇਵਨ' ਤੇ ਕੋਈ ਪਾਬੰਦੀ ਨਹੀਂ ? ਗੁਰਬਾਣੀ ਵਿਚ ਤਾਂ ਇਹਨਾਂ ਦੇ ਸੇਵਨ ਦੀ ਸਪੱਸ਼ਟ ਮਨਾਹੀ ਹੈ, ਇਹ ਵੱਖਰੀ ਗੱਲ ਹੈ ਕਿ ਕੁਝ ਆਪ-ਹੁਦਰਾ ਅਰਸਰ ਸ਼ਰਾਬ ਨੂੰ ਪੰਜ-ਰਤਨੀ ਅਤੇ ਭੰਗ ਨੂੰ ਸੁਖ-ਨਿਧਾਨ ਦਾ ਨਾਂ ਦੇ ਕੇ ਇਹਨਾਂ ਦੇ ਗਫੇ ਲਾਈ ਜਾਂਦਾ ਹੈ । ਅਜਿਹੀ ਹੀ ਸਥਿਤੀ ਮਾਸ ਸੰਬੰਧੀ ਹੈ । ਗੁਰਬਾਣੀ ਦਾ ਗੁਰਬਾਣੀ ਦਾ ਫੁਰਮਾਨ ਇਸ ਪ੍ਰਕਾਰ ਹੈ :

**ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥**
**ਤੀਰਥ ਬਰਤ ਨੇਮ ਕੀਏ ਤੇ ਰਸਾਤਲਿ ਜਾਂਹਿ ॥੨੩੩॥** *(ਪੰਨਾ ੧੩੭੭)*

ਮੱਛੀ (ਮਾਸ) ਸੇਵਨ ਸੰਬੰਧੀ ਗੁਰਬਾਣੀ ਦੇ ਨਿਸ਼ੇਧਾਤਮਿਕ ਹੁਕਮਾਂ ਦੇ ਬਾਵਜੂਦ



ਕਈ ਵੀਰ ਇਸ ਨੂੰ 'ਮਹਾ-ਪ੍ਰਸ਼ਾਦ' ਦਾ ਨਾਂ ਦੇ ਕੇ ਇਸ ਨਿੰਦਤ ਪਦਾਰਥ ਦਾ ਸੇਵਨ ਕਰ ਕੇ ਇਕ ਪਾਸੇ ਤਾਂ ਗੁਰਬਾਣੀ ਦੇ ਹਕਮਾਂ ਦੀ ਉਲੰਗਣਾ ਕਰਦੇ ਹਨ, ਦੂਜੇ ਪਾਸੇਇਸ ਨੂੰ 'ਮਹਾ-ਪ੍ਰਸ਼ਾਦ' ਦੀ ਸੰਗਿਆ ਦੇਣ ਦੀ ਠੱਗੀ ਮਾਰਦੇ ਹਨ, ਜਦ ਕਿ ਗੁਰਬਾਣੀ ਵਿਚ ਇਸ ਨੂੰ 'ਮੁਰਦਾਰ' ਅਤੇ 'ਕਰੰਗ-ਬਿਖੂ' ਕਰਕੇ ਵਰਣਾਇਆ ਮਿਲਦਾ ਹੈ । ਜੇ ਕੋਈ ਸਾਧਾਰਨ ਮਨੁੱਖ ਮਾਸ ਨੂੰ ਵਧੀਆ ਭੋਜਨ ਜਾਂ 'ਮਹਾ-ਪ੍ਰਸ਼ਾਦ' ਆਖੇ ਤਾਂ ਉਸ ਦੀ ਅਗਿਆਨਤਾ ਉਤੇ ਤਰਸ ਆਉਂਦਾ ਹੈ । ਪਰ ਜਦੋਂ ਕਿਸੇ ਮਿਸ਼ਨਰੀ ਸੰਸਥਾ ਦਾ ਕੋਈ ਮੁਖੀਆ ਇਹ ਗੱਲ ਆਖੇ ਤਾਂ ਉਸ ਦੀ ਸੂਝ-ਬੂਝ ਉਤੇ ਰੋਣ ਆਉਂਦਾ ਹੈ ।

ਉਪ੍ਰੋਕਤ ਸਲੋਕ ਦੇ ਅਰਥਾਂ ਦੀ ਹੇਰਾ-ਫੇਰੀ ਕਰਦੇ ਹੋਏ ਮਾਸ-ਅਹਾਰੀ ਵੀਰ ਇਹ ਦਲੀਲ ਦੇਂਦੇ ਹਨ ਕਿ ਇਸ ਵਿਚ ਤਾਂ ਕੇਵਲ ਸਰਾਪਾਨੀ (ਸ਼ਰਾਬ ਪੀਣ ਵਾਲੇ) ਮਨੁੱਖਾਂ ਲਈ 'ਭਾਗ', 'ਮਾਛੁਲੀ' ਦੇ ਸੇਵਨ ਦੀ ਸੇਵਨ ਦੀ ਮਨਾਹੀ ਦਾ ਸੰਕੇਤ ਹੈ । ਚਲੋ ! ਜੇ ਉਹਨਾਂ ਦੀ ਇਹ ਦਲੀਲ ਮੰਨ ਵੀ ਲਈਏ ਤਾਂ

ਕੀ ਜਿਹੜੀ ਨਿੰਦਤ ਚਸਤੂ ਦੀ ਸ਼ਰਾਬੀਆਂ ਲਈ ਵੀ ਮਨਾਹੀ ਹੈ ਉਹ ਰਹਿਤਵਾਨ ਖਾਲਸੇ ਲਈ ਕਿਵੇਂ ਜਾਇਜ ਹੋਈ ?

## ਅਣਹੋਣੀ ਕਪੋਲ-ਕਲਪਨਾ

ਹਡ ਚੱਬਣ (ਮਾਸ ਭਸ਼ਣ ਕਰਨ) ਦੇ ਮੁੱਦਈ ਵੀਰਾਂ ਨੇ ਵੀਹਵੀਂ ਸਦੀ ਦੀਆਂ ਸਾਰੀਆਂ ਵਿਗਿਆਨਿਕ ਲਭਤਾਂ (ਖੋਜਾਂ) ਨੂੰ ਮਾਤ ਪਾਉਣ ਵਾਲੀ ਇਕ ਕਿ :

''ਮਨੁੱਖ ਕੋਲ ਇਕ ਅਜਿਹੀ ਸ਼ਕਤੀ ਹੈ ਜਿਹੜੀ ਸੰਸਾਰ ਦੇ ਕਿਸੇ ਹੋਰ ਜੀਵ ਕੋਲ ਨਹੀਂ । ਉਹ ਅਦਭੁਤ ਸ਼ਕਤੀ 'ਮਨ' ਹੈ ।.........ਇਹ ਅਦਭੂਤ ਸ਼ਕਤੀ ਵਾਲਾ ਮਨ ਪਸ਼ੂ-ਪੰਛੀ ਕੋਲ ਨਹੀਂ ਹੈ ।.........ਦੁਖ ਜਾਂ ਸੁਖ ਕੇਵਲ ਮਨ ਨੂੰ ਹੀ ਹੂੰਦਾ ਹੈ, ਸਰਰਿ ਤਾਂ ਕੇਵਲ ਪੀੜ ਮੰਨਦਾ ਜਾਂ ਆਰਾਮ ਅਨੁਭਵ ਕਰਦਾ ਹੈ । 'ਮਨ' ਦੀ ਅਣਹੋਂਦ ਨੇ ਪਸ਼ੂ-ਪੰਛੀਆਂ ਨੂੰ ਹਰਖ ਸੋਗ ਤੋਂ ਰਹਿਤ ਕਰ ਦਿਤਾ ਹੇਇਆ ਹੈ ।......ਪਸ਼ੂਆਂ ਨੂੰ ਚਿੰਤਾ ਕਿਵੇ ? ਉਹਨਾ ਕੋਲ ਫਿਕਰ ਕਰਨ ਵਾਲਾ ਮਨ ਤਾਂ ਹੈ ਈ ਨਹੀਂ ।''

ਵੱਖ ਵੱਖ ਕੋਸ਼ਾਂ ਅਨੁਸਾਰ 'ਮਨ' ਦੀ ਪ੍ਰਭਾਸ਼ਾ ਹੈ ''ਸੰਕਲਪ ਵਿਕਲਪ ਕਰਨ ਵਾਲਾ ਇੰਦਰਾ'' । 'ਮਨ' ਗਿਆਨ-ਇੰਦਰਾ'' । 'ਮਨ' ਗਿਆਨ-ਇੰਦਰਿਆਂ ਅਤੇ ਕਰਮ-ਇੰਦਰਿਆ ਦਾ ਕੰਟ੍ਰੋਲਰ ਹੈ ਤੇ ਪ੍ਰਬਲ ਸ਼ਕਤੀ ਦਤ ਮਾਲਕ ਹੈ । ਸਰੀਰ ਵਿਚਲੀ ਆਤਮਾ ਤਾਂ ਹਰਖ ਸੋਗ ਦੁਖ ਸੁਖ ਤੋਂ ਨਿਰਲੇਪ ਹੈ, ਪਰ ਇਹ ਜਜਬੇ ਮਨ ਨੂੰ ਅਵੱਸ਼ ਵਿਆਪਦੇ ਹਨ । ਮਨ ਸਾਰੇ ਚੇਤਨ ਜੀਵ ਜੰਤੂਆਂ ਵਿਚ ਹੁੰਦਾ ਹੈ, ਜਿਸ ਸਦਕਾ ਖਿ ਮਨੁੱਖ ਅਤੇ ਕੀ ਪਸ਼ੂ-ਪੰਛੀ, ਇਹ ਸਾਰੇ ਦੁਖ ਸੁਖ ਅਤੇ ਹਰਖ ਸੋਗ ਨੂੰ ਮਹਿਸੂਸ ਕਰਦੇ ਹਨ । ਪਿਆਰ ਅਤੇ ਘਿਰਣਾ ਦੇ ਜਜਬੇ ਮਨੁੱਖਾਂ ਵਾਂਗ ਪਸ਼ੂ-ਪੰਛੀਆਂ ਵਿਚ ਵੀ ਇਕ-ਸਾਰ ਉਭਰਦੇ ਹਨ । ਇਹ ਤੱਥ



ਸ਼ਾਡੇ ਨਿਤਾਪ੍ਰਤਿ ਦੇ ਜੀਵਨ ਵਿਚ ਸ਼ਾਖਿਆਤਕਾਰ ਹੁੰਦਾ ਹੈ ।

ਕਿਸੇ ਕੁੱਤੇ ਨੂੰ ਸੋਟੀ ਮਾਰੋ, ਤੁਹ ਪੀੜ ਕਾਰਨ 'ਟਊਂ-ਟਊਂ' ਕਰਦਾ ਹੈ, ਪਰ ਜੇ ਕਿਸੇ ਕੁੱਤੇ ਨੂੰ ਜਰਾ ਪਲੋਸੋ ਤਾਂ ਉਹ ਪ੍ਰਸੰਨਤਾ ਅਤੇ ਕ੍ਰਿਤੱਗਤਾ ਦਾ ਪ੍ਰਗਟਾਵਾ ਕਰਦਾ ਹੋਇਆ ਤੁਹਾਡੇ ਪੈਰ ਚਟਦਾ ਹੈ ।

ਸੋ, ਜੀਵਾਂ ਤੇ ਜੋਰ-ਜੁਲਮ ਕਰਨ ਲਈ ਇਹ ਢੁਚਰ ਘੜ ਲੇਣੀ ਕਿ ਮਨ ਦੀ ਵੀਰਾਂ ਦੀ ਅਣਹੋਂਦ ਕਾਰਨ ਪਸ਼ੂ-ਪੰਛੀ ਹਰਖ ਸੋਗ ਦੀ ਭਾਵਨਾ ਤੋਂ ਵਿਰਵੇ ਹਨ, ਇਹ ਮਾਸ-ਅਹਾਰੀ ਵੀਰਾਂ ਦੀ ਸਰਾਸਰ

ਸੀਨਾ-ਜੋਰੀ ਹੈ ਅਤੇ ਅਸ਼ਰਫੁਲ-ਮਖਲੂਕਾਤ ਹੋਣ ਦਾ ਨਾਜਾਇਜ ਲਾਭ ਉਠਾਉਣ ਵਾਲੀ ਮੰਦੀ ਹਰਕਤ ਹੈ ।

ਅਸਲ ਵਿਚ ਮਨੁੱਖ ਦੀ ਪਸ਼ੂ-ਪੰਛੀਆਂ ਉਤੇ ਸਰਦਾਰੀ ਉਸ ਦੀ ਵਿਕਸਿਤ ਬੁੱਧੀ ਦੇ ਸਿਰ ਸਦਕੇ ਹੈ । ਬੁੱਧੀ ਦੇ ਸਿਰ ਸਦਕੇ ਹੈ । ਬੁੱਧੀ ਤਾਂ ਨਿਰਸੰਦੇਹ ਪਸ਼ੂ-ਪੰਛੀਆਂ ਕੋਲ ਵੀ ਹੈ, ਪਰ ਉਹਨਾਂ ਦੇ ਮੁਦਾਬਲੇ ਮਨੁੱਖ ਦੀ ਬੁੱਧੀ ਕਿਤੇ ਵਧੇਰੇ ਵਿਕਸਿਤ ਹੈ । ਇਸ ਵਿਕਸਿਤ ਬੁੱਧੀ ਦਾ ਸੁਆਮੀ ਹੋਣ ਦੇ ਨਾਤੇ ਉਸ ਨੂੰ ਬੁੱਧੀਮਾਨ ਹੋਣ ਦਾ ਸਬੂਤ ਦੇਣਾ ਬਣਦਾ ਹੈ, ਪਰ ਜੇ ਵਿਕਸਿਤ ਬੁੱਧੀ ਦਾ ਸੁਆਮੀ 'ਮਨੁੱਖ' ਜੀਵ-ਰਚਨਾ ਦੀ ਸਰਦਾਰੀ ਦੇ ਹੰਕਾਰ ਵਿਚ ਆਫਰਿਆ ਹੋਇਆ ਬਾਕੀ ਜੀਵ-ਜੰਤੂਆਂ ਉਤੇ ਜੀਭ ਦੇ ਅਧੀਨ ਜੋਰ-ਜੁਲਮ ਵੀ ਕਰੇ ਅਤੇ ਵਿਕਸਿਤ ਬੁੱਧੀ ਦੀ ਕੁਵਰਤੋਂ ਕਰ ਕੇ ਚਸਕੇ ਅਧੀਨ ਜੋਰ-ਜੁਲਮ ਵੀ ਕਰੇ ਅਤੇ ਵਿਕਸਿਤ ਬੁੱਧੀ ਦੀ ਕੁਵਰਤੋਂ ਕਰ ਕੇ ਚੇਤਨ ਸ਼੍ਰੇਣੂਆਂ ਦੇ ਜੀਵ-ਜੰਤੂਆਂ ਨੂੰ ਆਪਣੇ ਪਾਪ-ਕਰਮ' ਤੇ ਪੜਦਾ ਪਾਉਣ ਲਈ ਜੜ-ਸ਼ੇਣੀ ਵਿਚ ਸ਼ਮਾਲ ਕਰਨ ਲਈ ਅਣਹੋਣੀਆਂ ਢੁਚਰਾਂ ਘੜੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਸ ਪਾਸ ਆਪਣੇ ਪੱਖ ਵਿਚ ਕੋਈ ਨਿਗਰ ਦਲੀਲ ਨਹੀਂ, ਉਹ ਕੇਵਲ ਹਠ-ਧਰਮੀ ਕਾਰਨ ਬੇਥਵੀਆਂ ਮਾਰ ਰਿਹਾ ਹੈ ।

ਅੰਤ ਵਿਚ ਮੈਂ ਇਹ ਕਥਨ ਫਿਰ ਦੁਹਰਾਉਣਾ ਉਚਿਤ ਸਮਝਦਾ ਹਾਂ ਕਿ ਵਿਵਾਦ-ਗ੍ਰਸਤ ਮਸਲਾ ਮਾਸ-ਸਾਗ ਦੇ ਨਿਰਣੇ ਨਾਲ ਸੰਬੰਦਤ ਝਗੜਾਂ ਬਿਲਕੁਲ ਨਹੀਂ, ਅਸਲੀ ਮੱਦਾ ਜੀਭ ਦੇ ਚਸਕੇ ਅਧੀਨ ਜੀਵ-ਸੰਘਾਰ ਦਾ ਹੈ । ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਦ੍ਰਿੜ੍ਹਤਾ ਤੇ ਨਿਸਚੇ ਨਾਲ ਕਿਹਾ ਜਾ ਸਕਦਾ ਹੈ । ਕੀ ਗੁਰਬਾਣੀ ਜੀਵਨ-ਨਿਰਬਾਹ ਲਈ ਅਤੇ ਨਾਮ ਜਪ ਕੇ ਜੀਵਨ ਸਫਲ ਕਰਨ ਲਈ ਅੰਨ-ਭੋਜਨ ਖਾਣ ਦੀ ਆਗਿਆ ਦੇਂਦੀ ਹੈ, ਪਰ ਜੀਭ ਦੇ ਚਸਕੇ ਅਧੀਨ ਜੀਵਾਂ ਦਾ ਗਲਾ ਵਢ ਕੇ ਮਾਸ-ਭੋਜਨ ਖਾਣ ਦੀ ਮਨਾਹੀ ਕਰਦੀ ਹੈ ।

ਅੰਮ੍ਰਿਤਸਰ **ਜੋਗਿੰਦਰ ਸਿੰਘ**

**'ਤਲਵਾੜਾ'**

੧੫ ਅਗਸਤ, ੧੯੯੭

# ਜਉ ਸਭ ਮਹਿ ਏਕੁ ਖੁਦਾਇ ਕਤਹ ਹਉ
# ਤਉ ਕਿਉ ਮੁਰਗੀ ਮਾਰੈ ?

**ਸ਼ਰਾਬ ਕਬਾਬ-ਦੁਨੀਆ ਦੇ ਮੰਨੇ-ਪ੍ਰਮੰਨੇ ਐਬ**

ਸ਼ਰਾਬ ਅਤੇ ਕਬਾਬ ਸੰਸਾਰ ਦੇ ਮੰਨੇ-ਪ੍ਰਮੰਨੇ ਐਬ ਹਨ । ਇਨ੍ਹਾਂ ਐਬ ਦਾ ਸ਼ਿਕਾਰ ਹੋ ਕੇ ਖਾਨਦਾਨ, ਕਈ ਕੌਮਾਂ ਅਤੇ ਕਈ ਮੁਲਕ ਤਹਿਸ ਨਹਿਸ ਹੋ ਗਏ ਹਨ । ਇਹ ਚਸਕੇ ਏਨੇ ਸਬੱਲ ਅਤੇ ਪ੍ਰਬਲ ਹਨ ਕਿ ਇਨ੍ਹਾਂ ਦੀ ਮਾਰ ਤੋਂ ਵੱਡੇ ਵੱਡੇ ਦਿਮਾਗੀ ਤੌਰ ਤੇ ਸਿਆਣੇ ਮਨੁੱਖ ਵੀ ਨਹੀਂ ਬਚ ਸਕੇ । ਇਨ੍ਹਾਂ ਦੇ ਹੀ ਚਸਕਾਲੂ ਕਈ ਵਿਅਕਤੀਆਂ ਨੇ ਇਨ੍ਹਾਂ ਦੀ ਵਰਤੋਂ ਧਾਰਮਿਕ ਤੋਰ ਤੇ ਸਿਧ ਕਰਨ ਦੇ ਵੀ ਯਤਨ ਕੀਤੇ ਹਨ ਤੇ ਵਰਤੋਂ ਦਾਰਮਿਕ ਤੋਰ ਤੇ ਸਿਧ ਕਰਨ ਦੇ ਵੀ ਯਤਨ ਕੀਤੇ ਹਨ ਤੇ ਮਾਸ ਖਾਣ ਨੂੰ ਖਾਲਸਾ ਰਹਿਤ ਦਾ ਅੰਗ ਬਣਾਏ ਜਾਣ ਦਾ ਦੋਖਾ (Fraud) ਕੀਤਾ ਹੈ । ਇਸੇ ਕਾਰਨ ਗੁਰਬਾਣੀ ਦੀ ਰੌਸ਼ਨੀ ਵਿਚ ਇਸ ਮਸਲੇ ਨੂੰ ਨਿਤਾਰਨ ਦੀ ਲੋੜ ਪਈ ਹੈ ।

## ਸ਼ਰਾਬ ਕਬਾਬ ਦੀ ਖੁਲ੍ਹ-ਜਿੰਮੇਵਾਰ ਕੌਣ ?

ਬੜੇ ਅਵੰਭੇ ਦੀ ਗੱਲ ਹੈ ਕਿ ਸਿਖ ਜਨਤਾ ਵੀ ਇਨ੍ਹਾਂ ਐਬਾਂ-ਸ਼ਰਾਬ ਤੇ ਕਬਾਬ ਦੀ ਮਾਰ ਤੋਂ ਨਹੀਂ ਬਚ ਸਕੀ, ਜਿਸ ਦੇ ਫਲ-ਸਰੂਪ ਕੌਮ ਦੀ ਢਹਿੰਦੀ ਕਲਾ ਹੋਈ ਹੈ ਅਤੇ ਅਜਿਹੀ ਨਿਘਰੀ ਦਸ਼ਾ ਸਿਖ ਕੌਮ ਦੀ ਨਮੋਸ਼ੀ ਦਾ ਕਾਰਨ ਬਣ ਰਹੀ ਹੈ । ਕੌਮ ਦੇ ਜਿਮੇਵਾਰ ਵਿਅਕਤੀ ਇਸ ਦਸ਼ਾ ਦੀ ਜਿਮੇਵਾਰੀ ਪੇਂਡੂ ਜਨਤਾ' ਤੇ ਸਟੁਦੇ ਹਨ ਅਤੇ ਇਸ ਦਾ ਕਾਰਨ ਉਨ੍ਹਾਂ ਦੀ ਅਨਪੜ੍ਹਤਾ ਅਤੇ ਸੁਨ੍ਹਾਂ ਵਿਚ ਪਰਚਾਰ ਦੀ ਘਾਟ ਦਤਸਦੇ ਹਨ । ਕਿਸੇ ਹਤਦ ਤਕ ਇਹ ਨਿਰਣਾ ਠੀਕ ਵੀ ਮੰਨਿਆ ਜਾ ਸਕਦਾ ਹੈ, ਪਰ ਇਸ ਤੋਂ ਵੱਡਾ, ਅਸਲ ਵਿਚ ਇਕ ਹੋਰ ਕਾਰਨ ਹੈ, ਅਤੇ ਉਹ ਇਹ ਹੈ, ਕੌਮ ਦੇ ਮੁਹਾਣੇ, ਅਖੌਤੀ ਪਰਚਾਰ ਅਤੇ ਧਰਮ ਦੇ ਖੇਤਰ ਵਿਚ ਕੰਮ ਕਰਨ ਵਾਲੇ ਕੁਝ ਵਿਅਜਤੀ ਇਨ੍ਹਾਂ ਦੋ ਐਬਾਂ-ਸ਼ਰਾਬ ਤੇ ਕਬਾਬ ਵਿਚ ਨਿਜੀ ਤੌਰ' ਤੇ ਪਰਵਿਰਤ ਹਨ । ਆਪਣੇ ਐਬਾਂ

ਉਤੇ ਪੜਦਾ ਪਾਣ ਦੀ ਭਾਵਨਾ ਅਧੀਨ ਉਹ ਖੁਲ੍ਹਮ-ਖੁਲ੍ਹਾ ਇਹ ਪਰਚਾਰ ਕਰਦੇ ਹਨ ਕਿ ਸ਼ਰਾਬ ਤੇ ਕਬਾਬ ਤੇ ਵਰਤੋਂ ਸਿਖ ਧਰਮ ਵਿਚ ਵਿਵਰਜਿਤ ਨਹੀਂ, ਅਥਵਾ ਪਤਿਤ ਕਰਮ ਨਹੀਂ ਹੈ । ਕਈ ਭੱਦਰ ਪੁਰਸ਼ ਤਾਂ ਅਰਦਾਸ ਕਰ ਕੇ ਮਾਸ ਅਤੇ ਭੰਗ ਦਾ ਭੋਗ ਗੁਰੁ ਮਹਾਰਾਜ ਜੀ ਨੂੰ ਲਵਾਉਣ ਤਕ ਵੀ ਕਾਂਦੇ ਹਨ ਅਤੇ ਮਗਰੋਂ ਇਨ੍ਹਾਂ ਨਿੰਦਤ ਪਦਾਰਥਾਂ ਨੂੰ ਪ੍ਰਸ਼ਾਦ ਆਖ ਕੇ ਵਰਤਾਉਂਦੇ ਹਨ । ਜੇ ਕਿਸੇ ਨੂੰ ਇਸ ਕਥਨ ਉਤੇ ਕੋਈ ਸ਼ੱਕ ਹੋਵੇ ਤਾਂ ਉਹ ਆਪਣੇ ਅੱਖੀਂ ਅਜਿਹਾ ਨਜਾਰਾ ਹਰ ਸਾਲ ਹੋਲੇ ਮਹੱਲੇ' ਤੇ ਦੇਖ ਸਕਦਾ ਹੈ । ਇਹ ਸਭ ਕੁਝ ਖੁਲ੍ਹਮ-ਖੁਲ੍ਹਾ ਕੀਤਾ ਜਾਂਦਾ ਹੈ । ਕਈ ਸੱਜਣ ਤਾਂ ਏਥੋਂ ਤਕ ਵੀ ਫਤਵਾ ਦੇਂਦੇ ਹਨ ਕਿ ਜਿਹੜਾ ਮਨੁੱਖ ਮਹਾਂ-ਪ੍ਰਸ਼ਾਦ (ਮਾਸ) ਨਹੀਂ ਖਾਂਦਾ, ਉਹ ਸਿਖ ਹੀ ਨਹੀਂ ।

ਕਿਡੇ ਹਨੇਰ ਦੀ ਗੱਲ ਹੈ ਕਿ ਮਾਸ ਖਾਣ ਦੀ ਆਪਣੀ ਨਿਜੀ ਕਮਜੋਰੀ ਨੂੰ ਲੁਕਾਉਣ ਲਈ ਕੁਝ ਕੁ ਚਲਾਕ ਬੰਦਿਆਂ ਨੇ ਮਾਸ ਵਰਗੇ ਨਿੰਦਤ, ਘਿਰਣਤ ਅਤੇ ਗਲੀਜ (ਗੰਦੇ) ਪਦਾਰਥ ਦਾ ਨਾਮ 'ਮਹਾਂ-ਪ੍ਰਸ਼ਾਦ' ਰਖ ਲਿਆ ਹੈ, ਜਦ ਕਿ ਸਿਖ ਪਰੰਪਰਾ ਵਿਚ ਮਹਾਂ-ਪ੍ਰਸ਼ਾਦ ਪਦ, ਪੰਚਾਮ੍ਰਿਤ 'ਕੜਾਹ ਪ੍ਰਸ਼ਾਦ' ਲਈ ਵਰਤਿਆ ਜਾਣਾ ਨਿਸਚਿਤ ਹੈ ।

**ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦਿ,**
**ਏਕ ਗੁਰਪੁਰਬ ਕੈ ਸਿਖਨ ਬੁਲਾਵਹੀ ॥** *(ਕਬਿਤ ੩੦੯, ਭਾ: ਗੁਰਦਾਸ ਜੀ)*

**ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ,**
**ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਮ ਹੈ ॥** *(ਕਬਿਤ ੧੨੪, ਭਾ: ਗੁਰਦਾਸ ਜੀ)*

**ਕੋਰੇ ਮਟ ਆਣਾਇ ਨੀਰ ਭਰਾਇਆ ॥**
**ਆਇ ਮਹਾ ਪਰਸਾਦਿ ਵੰਡ ਖੁਆਇਆ ॥**

(ਵਾਰ ੨੦, ਪਉੜੀ ੧੦, ਭਾ: ਗੁਰਦਾਸ ਜੀ)

ਓਸੇ ਤਰ੍ਹਾਂ ਕਈ ਭੰਗ ਦੇ ਪ੍ਰੇਮੀ ਪੁਰਸ਼ਾਂ ਨੇ ਭੰਗ ਨੂੰ 'ਸੁਖ-ਨਿਧਾਨ' ਅਤੇ ਸ਼ਰਾਬ ਨੂੰ 'ਪੰਜ-ਰਤਨੀ' ਦਾ ਨਾਮ ਦਿਤਾ ਹੋਇਆ ਹੈ । ਪਰ ਖਾਲਸਾ ਜੀ ਦੇ ਨਿਰਮਲ ਪੰਥ ਵਿਚ ਇਸ ਪੋਪ-ਲੀਲ੍ਹਾ ਨੂੰ ਕੋਈ ਥਾਂ ਨਹੀਂ । ਕਿਸੇ ਘਿਰਣਤ ਵਸਤੂ ਦਾ ਚੰਗਾ ਨਾਮ ਮਿੱਥ ਲੈਣ ਨਾਲ ਉਸ ਦਾ ਅਸਲਾ ਨਹੀਂ ਬਦਲ ਸਕਦਾ । ਅਜਿਹਾ ਪਰਪੰਚ ਰਚਣ ਵਾਲੇ ਆਪਣੇ ਆਪ ਨਾਲ ਅਤੇ ਦੂਜਿਆਂ ਨਾਲ ਧੋਖਾ ਕਰਨ ਦਾ ਕੁਹਜਾ

ਥੇ ਕੂੜਾਵਾ ਯਤਨ ਕਰਦੇ ਹਨ । ਚਿਹ ਆੜਤ ਫਜੈਲ ਹੈ :

**ਕੂੜੁ ਨ ਪਹੁੰਚੈ ਸਚ ਨੋ ਸਉ ਘੜਤ ਘੜੀਐ ॥** *(ਵਾਰ ੩੪, ਪਉੜੀ ੨੧)*

ਕੂੜ ਨੂੰ ਭਾਵੇਂ ਚਮਕੀਲੀ ਪੁਸ਼ਾਕ ਪੁਆ ਕੇ ਸਜਾ- ਫਬਾ ਕੇ ਪੇਸ਼ ਕੀਤਾ ਜਾਵੇ, ਉਹ ਸੱਚ ਨਹੀਂ ਬਣ ਸਜਦਾ । ਸਤ ਪੜਦੇ ਪਾੜ ਕੇ ਕੂੜ ਅੰਤ ਨੂੰ ਪਰਗਟ ਹੋ ਜਾਂਦਾ ਹੈ ਤੇ ਕੂੜ ਦੀ ਅੰਤ ਨੂੰ ਖੈ ਹੀ ਹੁੰਦੀ ਹੈ :

**ਕੂੜ ਨਿਖੁਟੇ ਨਾਨਕ ਓੜਕਿ ਸਚੁ ਰਹੀ ॥** *(ਵਾਰ ੩੪, ਪਉੜੀ)*

ਸੋ ਤਾਤ-ਪਰਜ ਇਹ ਹੈ ਕਿ ਸਿਖ ਜਨਤਾ ਵਿਚ ਸ਼ਰਾਬ ਕਬਾਬ ਦਾ ਦੌਰ-ਦੌਰ ਚਲਾਉਣ ਦੀ ਜਿੰਮੇਦਾਰੀ ਨੂੰ ਪੇਂਡੂ ਅਨਪੜ੍ਹ ਜਨਤਾ ਉਤੇ ਸੁੱਟ ਕੇ ਪਿਛਾ ਨਹੀਂ ਛੁਡਾਇਆ ਜਾ ਸਕਦਾ । ਇਸ ਦੀ ਜਿੰਮੇਵਾਰੀ ਕੌਮ ਦੇ ਧਾਰਮਿਕ ਆਗੂਆਂ ਉਤੇ ਹੈ, ਜਿਹੜੇ ਆਪ ਇਹਨਾਂ ਆਪ ਇਹਨਾਂ ਚਸਕਿਆਂ ਦਾ ਸ਼ਿਕਾਰ ਹਨ ਅਤੇ ਫਿਰ ਹਿਕ ਥਾਪੜ ਕੇ ਇਹਨਾ ਕੇ ਇਹਨਾ ਦੇ ਹੱਕ ਵਿਚ ਪਰਚਾਰ ਕਰਦੇ ਹਨ ।

**ਮਾਸ ਖਾਣ ਦੀਆਂ ਦਲੀਲਾਂ**

ਮਾਸ ਖਾਣ ਦੇ ਹਾਸੀ ਸੱਜਣ ਅਕਸਰ ਮਾਸ ਖਾਣ ਦੀ ਪੁਸ਼ਟੀ ਲਈ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ :

(੧) ਸਿਖ ਧਰਮ ਵਿਚ ਖਾਣ ਪੀਣ ਵਾਲੇ ਕਿਸੇ ਪਦਾਰਥ' ਤੇ ਪਾਬੰਦੀ ਨਹੀਂ । ਮਾਸ ਖਾਣ ਜਾਂ ਨਾ ਖਾਣ ਦਾ

ਨਿਰਭਰ ਹਰੇਕ ਵਿਅਕਤੀ ਦੀ ਆਪਣੀ ਰੁਚੀ ਉਤੇ ਹੈ । ਗੁਰਮਤਿ ਦੀ ਕਸਵੱਟੀ ਕੇਵਲ ਇਹ ਹੈ ਕਿ

ਜਿਹੜੇ ਪਦਾਰਥ ਦੇ ਸੇਵਨ ਕੀਤਿਆਂ ਸਰੀਰ ਨੂੰ ਕਸ਼ਟ ਹੋਵੇ ਅਤੇ ਮਨ ਵਿਚ ਵਿਚਾਰ ਉਤਪੰਨ ਹੋਵੇ,

ਉਸ ਦਾ ਸੇਵਨ ਕਰਨਾ ਹਾਨੀਕਾਰਕ ਹੈ । ਇਸ ਕਥਨ ਦੀ ਪੁਸ਼ਟੀ ਵਿਚ ਉਹ ਗੁਰਬਾਣੀ ਦੀ ਇਕ ਤੁਕ

ਨੂੰ ਮਰਜੀ ਮੁਤਾਬਕ ਬਦਲ ਕੇ ਉਸ ਦਾ ਹਵਾਲਾ ਦਿੰਦੇ ਹਨ :

**ਭਾਬਾ ਸਾ ਖਾਣਾ ਖੁਸ਼ੀ ਖੁਆਰ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲੈ ਵਿਕਾਰੁ ॥**

ਨੋਟ-ਤੁਕ ਨੰਬਰ ੧ ਵਿਚ ਸ਼ਬਦ 'ਸਾ' ਦੀ ਥਾਵੇਂ ਗੁਰਬਾਣੀ ਵਿਚ ਸ਼ਬਦ 'ਹੋਰ' ਹੈ ।



(੨) ਸਿਖ ਧਰਮ ਵਿਚ ਕੇਵਲ ਮੁਸਲਮਾਨੀ ਤਰੀਕੇ ਨਾਲ ਕਲਮਾ ਪੜ੍ਹ ਕੇ ਤਿਆਰ ਕੀਤੇ ਗਏ ਮਾਸ ਦੀ

ਮਨਾਹੀ ਹੈ, ਪਰ ਝਟਕੇ ਦੀ ਖੁਲ੍ਹ ਹੈ ।

(੩) ਪੁਰਾਤਨ ਇਤਿਹਾਸਕ ਲਿਖਤਾਂ ਵਿਚੋਂ ਮਾਸ ਖਾਣ ਦੀ ਕੋਈ ਮਨਾਹੀ ਨਹੀਂ ਮਿਲਦੀ, ਸਗੋਂ ਗੁਰੁ ਸਾਹਿਬ ਦੇ ਸਮੇ ਲੰਗਰਾਂ ਵਿਚ ਮਾਸ ਦੀ ਵਰਤੋਂ ਦੇ ਪ੍ਰਮਾਣ ਮਿਲਦੇ ਹਨ ।

(੪) ਜੇ ਮੁਰਗਾ, ਬੱਕਰਾ, ਤਿਤੱਰ, ਬਟੇਰ ਆਦਿ ਜਾਨਵਰ ਮਾਰਨ ਵਿਚ ਜੀਵ-ਹੱਤਿਆ ਦਾ ਦੋਸ਼ ਲਗਦਾ ਹੈ ਤਾਂ ਬਾਕੀ ਪਦਾਰਥ ਕਣਕ, ਦਾਲਾਂ, ਦੁੱਧ, ਪਾਣੀ ਆਦਿ ਖਾਣ-ਪੀਣ ਵਾਲੇ ਮਨੁੱਖ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੋ ਸਕਦੇ, ਕਿਉਂਕਿ ਅੰਨ ਦੇ ਸਾਰਿਆਂ ਦਾਣਿਆਂ ਵਿਚ ਜੀਵ ਹਨ ।

(੫) ਮਾਸ ਨਾ ਖਾਣ ਵਾਲੇ ਮਨੁੱਖ ਵਿਚ ਕਾਇਰਤਾ ਪਰਵੇਸ਼ ਕਰ ਜਾਂਦੀ ਹੈ ।

(੬) ਮਾਸ ਬੜੀ ਤਾਕਤਵਰ ਵਸਤੂ ਹੈ, ਇਸ ਨੂੰ ਖਾਣ ਨਾਲ ਸਰੀਰ ਰਿਸ਼ਟ ਪੁਸ਼ਟ ਰਹਿੰਦਾ ਹੈ । ਉਪਰੋਕਤ ਦਲੀਲਾਂ ਦੀ ਛਾਣ-ਬੀਣ ਕਰ ਕੇ ਇਕ ਇਕ ਉਤੇ ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰ ਕਰਨ ਦਾ ਯਤਨ ਕੀਤਾ ਜਾਂਦਾ ਹੈ ।

**ਦਲੀਲ ਨੰਬਰ ੧**

***ਵਿਚਾਰ***

ਮਾਸ-ਅਹਾਰੀ ਵੀਰ ਇਹ ਦਲੀਲ ਦਿੰਦੇ ਹਨ ਕਿ ਸਿਖ ਧਰਮ ਵਿਚ ਖਾਣ ਪੀਣ ਵਾਲੇ ਕਿਸੇ ਪਦਾਰਥ' ਤੇ ਪਾਬੰਦੀ ਨਹੀਂ । ਮਾਸ ਖਾਣ ਜਾਂ ਨਾ ਖਾਣ ਜਾਂ ਨਾ ਖਾਣ ਦਾ ਨਿਰਭਰ ਹਰੇਕ ਵਿਅਕਤੀ ਦੀ ਆਪਣੀ ਰੁਚੀ' ਤੇ ਹੈ ।

ਇਹ ਕਥਨ ਠੀਕ ਨਹੀਂ ਕਿ ਸਿਖ ਧਰਮ ਵਿਚ ਕਿਸੇ ਪਦਾਰਥ ਦੇ ਖਾਣ ਉਤੇ ਕੋਈ ਪਾਬੰਦੀ ਨਹੀਂ । ਖਾਣ ਉਤੇ ਕੋਈ ਪਾਬੰਦੀ ਨਹੀਂ । ਖਾਣ-ਪੀਣ ਦੇ ਸੰਬੰਦ ਵਿਚ ਸਿਖ ਧਰਮ ਆਪਣੇ ਅਨੁਸਾਰ ਜਾਂ ਸਰਰਿਕ ਹਾਲਤ ਦੇ ਅਨੁਕੂਲ ਕੇਵਲ ਅਜਿਹੇ ਪਦਾਰਥ ਖਾਣ ਦੀ ਖੁਲ੍ਹ ਦਿੰਦਾ ਹੈ ਜਿਨ੍ਹਾਂ ਨਾਲ ਤਨ ਤੇ ਮਨ ਪ੍ਰਫੁਲਤ ਹੋਣ ਅਤੇ ਇਸ ਤਰ੍ਹਾਂ ਸੇਵਾ ਅਤੇ ਸਿਮਰਨ ਵਿਚ ਸਹਾਇਤਾ ਮਿਲੇ । ਇਸ ਦੇ ਵਿਰੁਧ ਅਜਿਹੇ ਪਦਾਰਥ ਜਿਨ੍ਹਾਂ ਦਾ ਸੇਵਨ ਸਰੀਰ ਨੂੰ ਨਿਤਾਨਾ ਜਾਂ ਸੁਸਤ ਕਰੇ, ਜਿਹਾ ਕਿ ਤਮਾਕੂ, ਪੋਸਤ, ਭੰਗ, ਅਫੀਮ, ਸ਼ਰਾਬ ਆਦਿ ਜਾਂ ਜਿਨ੍ਹਾਂ ਦਾ ਸੇਵਨ ਦੂਜੇ ਜੀਵਾਂ ਲਈ ਕਸ਼ਟ ਦਾ ਕਾਰਨ ਬਣੇ ਤੇ ਖਾਣ ਵਾਲੇ ਮਨੁੱਖ ਦਾ ਤਨ ਤੇ ਮਨ ਜੋਰ-ਜੁਲਮ ਦਾ ਵਿਕਾਰੀ ਹੋ ਨਿਬੜੇ, ਅਜਿਹੇ ਸਾਰੇ



ਪਦਾਰਥਾਂ ਦਾ ਸੇਵਨ ਗੁਰਮਤਿ ਵਿਚ ਬਿਲਾ-ਸ਼ਕ (ਨਿਰਸੰਦੇਹ) ਵਿਵਰਜਿਤ ਹੈ ।
ਗੁਰਬਾਣੀ ਦਾ ਫੁਰਮਾਨ ਹੈ :

**ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥**
**ਤਇਥ ਥਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਹਿ ॥੨੩੩॥** *(ਪੰਨਾ ੧੩੭੭)*

**ਕਬੀਰ ਖੂਬੁ ਖਾਨਾ ਜਾ ਮਹਿ ਅੰਮ੍ਰਿਤੁ ਲੋਨੁ ॥**
**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨ ॥੧੩੮॥**
ਹੇਰਾ-ਮਾਸ । *(ਸਲੋਕ ਕਬੀਰ ਜੀ, ਪੰਨਾ ੧੩੭੭)*

ਭਾਵ ਇਹ ਹੈ ਕਿ ਭੰਗ, ਮਛੂਲੀ, ਸ਼ਰਾਬ ਖਾਣ ਪੀਣ ਵਾਲੇ ਪ੍ਰਾਣੀ ਦੇ ਪੁੰਨ ਕਰਮ ਕੀਤੇ ਵੀ ਕਿਸੇ ਕੰਮ ਨਹੀਂ ਆਉਂਦੇ, ਤੇ ਉਹ ਸਦਾ ਅਧੋਗਤੀ ਨੂੰ ਹੀ ਪ੍ਰਾਪਤ ਹੁੰਦੇ ਹਨ । ਇਸ ਦੇ ਨਾਲ ਹੀ ਨਿਰਣਾ ਕਰ ਦਿਤਾ ਗਿਆ ਹੈ ਕਿ ਪ੍ਰਾਪਤ ਹੁੰਦੇ ਹਨ । ਇਸ ਦੇ ਨਾਲ ਹੀ ਇਹ ਵੀ ਨਿਰਣਾ ਕਰ ਦਿਤਾ

ਗਿਆ ਹੈ ਕਿ ਕੁਦਰਤ ਵਲੋਂ ਉਦਰ-ਪੂਰਨਾ ਹਿਤ ਬਖਸ਼ਿਆ ਕੁਦਰਤੀ ਰਿਜਕ, ਭਾਵ, ਮਿੱਸਾ ਤਿੱਸਾ ਖਿੱਚੜ-ਅੰਨ ਅੰਮ੍ਰਿਤ ਵਰਗਾ ਸੁਵੱਛ ਤੇ ਸਵਾਦਿਸ਼ਟ ਭੋਜਨ ਹੈ, ਜਿਸ ਦੇ ਸੇਵਨ ਕਰਨ ਨਾਲ ਨਾਮ ਜਪਣ ਲਈ ਸਰੀਰ ਦੀ ਸੱਤਿਆ ਕਾਇਮ ਰਹਿੰਦੀ ਹੈ । ਅਜਿਹਾ ਆਦਰਸ਼ਕ ਅਹਾਰ ਹੁੰਦਿਆ ਸੁੰਦਿਆਂ ਫਿਰ ਕੌਣ ਅਤੇ ਕਾਹਦੇ ਲਈ ਜੀਵਾਂ ਦਾ ਗਲਾ ਵਢ ਕੇ ਹੱਤਿਆ ਕਰੇ ?

ਗੁਰਬਾਣੀ ਦੀ ਰੌਸ਼ਨੀ ਵਿਚ ਜੀਵਾਂ ਨੂੰ ਮਾਰ ਕੇ ਪ੍ਰਾਂਪਤ ਕੀਤੇ ਮੁਰਦਾਰ ਮਾਸ ਦੇ ਰਾਵਾਂ ਦੀ ਗੁੰਜਾਇਸ਼ ਹੀ ਨਹੀਂ, ਸਗੋਂ ਉਹ ਵਸਤੂਆਂ ਜਾਂ ਕਰਮ ਵੀ ਵਿਵਰਜਿਤ ਹਨ ਜਿਨ੍ਹਾਂ ਨੂੰ ਮੁਰਦਾਰ ਨਾਲ ਤੁਲਨਾ ਦਿਤੀ ਗਈ ਹੈ ।

ਗੁਰਬਾਣੀ ਦਾ ਸਪੱਸ਼ਟ ਫਤਵਾ ਹੈ ਕਿ ਕੂੜ ਕੁਸੱਤ ਕਰ ਕੇ, ਜੋਰ-ਜੁਲਮ ਕਰ ਕੇ, ਵਲ ਛਲ ਕਰ ਕੇ ਪਰਾਇਆ ਹੱਕ ਮਾਰਨਾ ਮਾਰਨਾ ਮੁਰਦਾਰ ਤੁਲ ਹੈ ਤੇ ਇਹ ਗੁਰੂ ਕੇ ਸਿੱਖਾਂ ਲਈ ਵਿਵਰਜਿਤ ਹੈ । ਗੁਰੂ ਕੇ ਸਿੱਖੌਂ ਲਈ ਵਿਵਰਜਿਤ ਹੈ । ਗੁਰੂ ਪੀਰ ਵੀ ਤਾਂ ਹੀ ਹਾਮਾ ਭਰਦਾ ਹੈ ਜਦੋਂ ਕੋਈ ਮੁਰਦਾਰ ਖਾਣ ਤੋਂ ਬਚਿਆ ਹੋਵੇ ।

**ਕੂੜੁ ਬੋਲਿ ਮੁਰਦਾਰੁ ਖਾਇ ॥ (੧੪੦)**
**ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (੧੪੧)**

ਪਰਾਏ ਹੱਕ ਦੀ ਨਿੰਦਿਆ ਤੇ ਨਿਖੇਧੀ ਕਰਨ ਲਈ ਉਸ ਨੂੰ ਮੁਰਦਾਰ



ਨਾਲ ਤੁਲਨਾ ਦਿੱਤੀ ਗਈ ਹੈ । ਇਸ ਦਾ ਸਪੱਸ਼ਟ ਭਾਵ ਹੈ ਕਿ ਮੁਰਦਾਰ ਨਿੰਦਤ ਤੇ ਨਿਸ਼ੇਧਤ ਵਸਤੂ ਹੈ । ਸੂਰ ਹੋਵੇ ਭਾਵੇਂ ਗਾਂ, ਕਲਮਾ ਪੜ੍ਹ ਕੇ ਕਟ ਵਢ ਕੀਤਾ ਹੋਵੇ ਜਾਂ ਸਤਿ ਸ੍ਰੀ ਅਕਾਲ ਕਹਿ ਕੇ, ਛੁਰੀ ਨਾਲ ਕਟਿਆ ਗਿਆ ਹੋਵੇ ਭਾਵੇਂ ਕਿਰਪਾਨ ਨਾਲ; ਹੌਲੀ ਹੌਲੀ ਕਟਿਆ ਗਿਆ ਹੋਵੇ ਜਾਂ ਇਕੋ ਝਟਕੇ ਨਾਲ; ਮਾਰਿਆ ਗਿਆ ਜਾਨਵਰ ਮੁਰਦਾਰ ਹੀ ਹੈ । ਬੜੀ ਸਿੱਧੀ ਗੱਲ ਹੈ ਕਿ ਜੇ ਪਰਾਇਆ ਹੱਕ ਮਾਰਨਾ ਮੁਰਦਾਰ ਖਾਣ ਬਰਾਬਰ ਹੈ ਅਤੇ ਵਿਵਰਜਿਤ ਹੈ, ਜੇ ਝੂਠ ਬੋਲਣਾ ਮੁਰਦਾਰ ਖਾਣ ਤੁਲ ਹੈ ਤੇ ਵਿਵਰਜਿਤ ਹੈ ਤਾਂ ਸਗਵਾਂ ਮੁਰਦਾਰ ਖਾਣਾ ਕਿਵੇਂ ਜਾਇਜ ਹੋ ਸਕਦਾ ਹੈ ? ਫਿਰ ਮੁਰਦਾਰ ਖਾਣ ਵਾਲਾ (ਮੁਰਦਾਰ-ਖੋਰ) ਵਿਅਕਤੀ, ਗੁਰ-ਪੀਰ ਵਲੋਂ ਉਸ ਪ੍ਰਤੀ ਹਾਮਾ ਭਰੇ ਜਾਣ ਦੀ ਆਸ ਕਿਵੇਂ ਰੱਖ ਸਕਦਾ ਹੈ, ਜਦੋਂ ਕਿ ਉਹ ਖੁਲ੍ਹਮ-ਖੁਲ੍ਹਾ ਗੁਰ-ਹੁਕਮਾਂ ਦੀ ਉਲੰਘਣਾ ਕਰਨ ਦਾ ਕੇਵਲ ਨਿਜੀ ਤੌਰ' ਤੇ ਹੀ ਦੋਸ਼ੀ ਨਹੀਂ ਬਣਦਾ, ਸਗੋਂ ਦੂਜਿਆਂ ਨੂੰ ਇਸ ਦੋਸ਼ ਵਿਚ ਪਰਵਿਰਤ ਕਰਨ ਲਈ ਧਰਮ ਦੀ ਆੜ ਲੈਂਦਾ ਤੇ ਇਸ ਤਰ੍ਹਾਂ ਧਰਮ ਨੂੰ ਬਦਨਾਮ ਕਰਨ ਦੀ ਕੁਹਜੀ ਹਰਕਤ ਕਰਦਾ ਹੋਵੇ ?

ਮਾਸ ਖਣ ਲਈ ਮਾਸੂਮ ਜਾਨਵਰਾਂ ਨੂੰ ਜਾਨੋਂ ਮਾਰਨ ਤੇ ਮੁਰਦਾਰ ਖਾਣ ਵਾਲੇ ਵਿਅਕਤੀਆਂ ਨੂੰ ਗੁਰਬਾਣੀ ਭੂਤਨਿਆਂ ਦਾ ਫਤਵਾ ਦਿੰਦੀ :

**ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥**

ਗੈਬਾਨ-ਭੂਪਰੇਤ । *(ਤਿਲੰਗ ਮ: ੫, ਪੰਨਾ ੭੨੩)*

ਭਾਈ ਗੁਰਦਾਸ ਜੀ ਬਾਣੀ, ਜੋ ਗੁਰਬਾਣੀ ਦੀ ਕੁੰਜੀ ਮੰਨੀ ਜਾਂਦੀ ਹੈ, ਵੀ ਜੀਵਾਂ ਨੂੰ ਮਾਰ ਕੇ ਮਾਸ ਖਾਣ ਦੀ ਸਪੱਸ਼ਟ ਮਨਾਹੀ ਕਰਦੀ ਹੈ :

**ਝੇਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮ ਨ ਚੰਗਾ ॥**.........

**ਝੇ ਕਮਾਈ ਉਧਰਿਆ ਜੀਆ ਘਾਇ ਨ ਖਈਐ ਭੰਗਾ ॥੯॥**

*(ਵਾਰ ੧੯)*

ਗੁਰੁ ਬਾਬੇ ਨੇ ਮਲਕ ਭਾਗੋ ਦੇ ਕੂੜ ਕੁਸੱਤ ਤੇ ਜੋਰ-ਜੁਲਮ ਕਰ ਕਮਾਏ ਧਨ ਨਾਲ ਤਿਆਰ ਕੀਤੇ ਮਾਲ-ਪੂੜਿਆਂ ਨੂੰ ਮੁਰਦਾਰ ਜਾਣ ਕੇ ਤਿਆਗ ਕੀਤਾ । ਗੁਰੁ ਪਤਸ਼ਾਹ ਨੇ ਪਰਤੱਖ ਕੌਤਕ ਵਰਤਾ ਕੇ ਸਾਰੀ ਲੋਕਾਈ ਪ੍ਰਤੀ ਇਹ ਸਚਾਈ ਪਰਗਟ ਕੀਤੀ ਕਿ ਖੋਹ-ਖਾਣ ਦੀ ਰੁਚੀ ਹਿੰਸਕ ਤੇ ਨਿੰਦਤ ਰੁਚੀ ਹੈ ਅਤੇ ਜੀਵਾਂ ਉਤੇ ਜੋਰ-ਜੁਲਮ ਦੀ ਵਰਤੋਂ ਕਰ ਕੇ ਪ੍ਰਾਪਤ ਕੀਤਾ ਪਰਾਇਆ ਧਨ ਪਾਪਾਂ ਦੀ



ਖੱਟੀ ਹੈ ਅਤੇ ਇਸ ਨਾਲ ਖਰੀਦੇ ਪਦਾਰਥ ਭਾਵੇਂ ਸਵੱਛ ਅਤੇ ਸਵਾਦਿਸ਼ਟ ਹੀ ਹੌਣ, ਅਸਲ ਵਿਚ ਗਰੀਬਾਂ ਦਾ ਖੂਨ ਹਨ

ਜੇ ਗਰੀਬ ਨੂੰ ਤੰਗ ਕਰ,ਖੋਹੀ ਮੋਹੀ ਕਰ ਕੇ, ਠੱਗੀ ਠੋਗੀ ਲਾ ਕੇ ਪ੍ਰਾਪਤ ਕੀਤਾ ਸ਼ਨ ਗੁਰੁ ਬਾਬੇ ਲਈ ਲੋਕਾਂ ਦੇ ਖੂਨ ਅਥਚਾ ਮੁਰਦਾਰ ਤੁਲ ਹੈ ਤਾਂ ਜੀਵਾਂ ਦਾ ਕਤਲ ਕਰ ਲੇ, ਓਨ੍ਹਾਂ ਦਾ ਪਰਤੱਖ ਖੂਨ ਕਰ ਕੇ ਪ੍ਰਾਪਤ ਕੀਤਾ ਮੁਰਦਾਰ-ਮਾਸ, ਉਸ ਦੇ ਸਿੱਖਾਂ ਲਈ 'ਮਹਾਂ-ਪ੍ਰਸ਼ਾਦ' ਕਿਵੇਂ ਬਣ ਗਿਆ ? ਸਪਸ਼ਟ ਹੈ

ਕਿ ਮਾਸ ਵਰਗੇ ਬਿਖ-ਵਤ ਪਦਾਰਥ ਲਈ 'ਮਹਾਂ-ਪ੍ਰਸ਼ਾਦ' ਦੇ ਉਤਮ ਪਦ ਦੀ ਵਰਤੋਂ ਪ੍ਰਚਲਤ ਕਰਨੀ ਕੁਝ ਕੁ ਚਸਕਾਲੂ ਮਾਸਖੋਰੇ ਸੱਜਣਾਂ ਦੀ ਗਿਣੀ ਮਿਥੀ ਕੁਟਿਲ ਸਾਜਸ਼ ਹੈ ।

ਦੋ ਪੰਛੀ ਹਨ : ਹੰਸ ਅਤੇ ਬਗਲਾ । ਇਨ੍ਹਾਂ ਦੀ ਚਿੱਟੀ ਦੁੱਧ ਸੂਰਤ ਇਕੋ ਜਿਹੀ ਮਨਮੋਹਣੀ ਹੈ । ਦੋਹਾਂ ਦਾ ਸਫੈਦ ਵੇਸ ਮਨ ਉਤੇ ਸਾਤਵਿਕ ਪ੍ਰਭਾਵ ਪਾਉਂਦਾ ਹੈ । ਪਰ ਗੁਰਬਾਣੀ ਅੰਦਰ ਉਨ੍ਹਾਂ ਵਿਚੋਂ ਇਕ ਦੀ, ਉਸ ਵਲੋਂ ਜੀਵਨ-ਨਿਰਬਾਹ ਲਈ ਅਪਣਾਈ ਗਈ ਖੁਰਾਕ ਦੇ ਆਧਾਰ' ਤੇ ਸਲਾਹੁਤਾ ਕੀਤੀ ਗਈ ਹੈ ਅਤੇ ਦੂਜੇ ਦੀ ਨਿੰਦਿਆ ।

ਹੰਸ ਉਤਮ ਹੇ ।

ਕਿਉ ?

ਹੰਸ ਦਾ ਅਹਾਰ ਉਤਮ ਹੈ ।

**ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥**

*(ਸਲੋਕ ਮ: ੧, ਪੰਨਾ ੯੫੬)*

ਬਗਲਾ ਨੀਚ ਹੈ ।

ਕਿਉਂ ?

ਬਗਲੇ ਦਾ ਅਹਾਰ ਘਿਰਣਤ ਹੈ ।

**ਬਗੁਲਾ ਕਾਗ ਨੀਚ ਕੀ ਸੰਗਤਿ**
**ਜਾਇ ਕਰੰਗ ਬਿਖੂ ਮੁਖਿ ਲਾਈਐ ॥** (੮੮੧)

ਗੁਰਬਾਣੀ ਦੇ ਰੱਖੀ ਉਪਦੇਸ਼ ਅਨੁਸਾਰ 'ਕਰੰਗ ਬਿਖੂ' ਦਾ ਸੇਵਨ ਕਰਨ ਕਰਕੇ ਹੀ ਬਗਲਾ ਘਿਰਣਤ ਪੰਛੀ ਹੈ । ਫਿਰ ਸਮਝ ਨਹੀਂ ਆਉਂਦੀ ਕਿ ਇਹ 'ਕਰੰਗ-ਬਿਖੂ' ਗੁਰੁ ਕੇ ਸਿੱਖਾਂ ਲਈ 'ਮਹਾਂ-ਪ੍ਰਸ਼ਾਦ' ਕਿਵੇਂ ਬਣ ਗਿਆ? ਬੇ 'ਕਰੰਗ-ਬਿਖੂ' ਦਾ ਵਿਵਰਜਿਤ ਭੋਜਨ ਖਾ ਕੇ ਕਿਵੇਂ ਗੁਰੂ ਕਾ ਸਚਿਆਰ



ਸਿਖ ਹੋਣ ਦਾ ਦਾਅਵਾ ਕਰ ਸਕਦਾ ਹੈ ?

ਕਦੀ ਕੋਈ ਮਾਂ ਆਪਣੇ ਪੁੱਤਰ ਨੂੰ ਬਿਖ ਖਾਣ ਦੀ ਆਗਿਆ ਦਿੰਦੀ ਹੈ ? ਫਿਰ ਇਹ ਸੋਚਣਾ ਵੀ ਅਪਰਾਧ ਤੋਂ ਘਟ ਨਹੀਂ ਜਾਪਦਾ ਕਿ ਸੰਸਾਰ ਦੇ ਅਧਿਆਤਮਕ ਪਿਤਾ, ਸਤਿਗੁਰੂ ਜੀ ਨੇ 'ਕਰੰਗ-

ਬਿਖੁ' ਖਾਣ ਦੀ ਖੁਲ੍ਹ ਆਪਣੇ ਸਿਖ-ਬੱਚਿਆਂ ਨੂੰ ਦਿੱਤੀ ਹੋਈ ਹੈ, ਕਦੇ ਨਹੀਂ ! ਜੇ ਭਲਾ ਅਸੀਂ ਗੁਰੂ ਕੇ ਨਾਮ-ਲੇਵਾ ਸਿਖ, ਆਪ-ਹੁਦਰੇ ਹੋ ਕੇ 'ਕਲੰਗ-ਬਿਖੁ' ਨੂੰ 'ਮਹਾਂ-ਪ੍ਰਸ਼ਾਦ' ਦਾ ਨਾਮ ਦੇ ਕੇ ਛਕਣਾ ਸ਼ੁਰੂ ਕਰ ਦਈਏ ਤਾਂ ਸਾਡੇ ਸਿਰ ਉਤੇ ਸ੍ਰੀ ਕਬੀਰ ਜੀ ਦਾ ਹੇਠ-ਲਿਖਿਆ ਸਲੋਕ ਸਦਾ ਸਲੋਤਰ ਹੇਠ-ਲਿਖਿਆ ਸਲੋਕ ਸਦਾ ਸਲੋਤਰ ਫੇਰਦਾ ਰਵ੍ਹੇਗੇ, ਓਵੇਂ ਹੀ ਜਿਵੇ ਜੇ ਬਚੱਾ ਅਨੁਚਿਤ ਕਿਰਿਆ ਕਰਨ ਤੋਂ ਨਾ ਹਟੇ ਤਾਂ ਨਾ ਹਟੇ ਤਾਂ ਮਾਂ ਨਸੀਅਤ ਵਜੋਂ ਬੱਚੇ ਨੂੰ ਚਪੇੜ ਵੀ ਟਿਕਾਅ ਦੇਂਦੀ ਹੈ :

**ਕਬੀਰ ਸਾਚਾ ਸਤਿਗੁਰੂ ਕਿਆ ਕਰੇ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ ॥ ੧੫੮ ॥**

*(ਸਲੋਕ ਕਬੀਰ ਜੀ, ਪੰਨਾ ੧੩੭੨)*

ਮਾਸ ਖਾਣ ਦੇ ਪੱਖੀ ਵੀਰ ਇਹ ਦਲੀਲ ਦਿੰਦੇ ਹਨ ਕਿ ਸਿਖ ਧਰਮ ਵਿਚ ਖਾਣ ਦੇ ਕਿਸੇ ਖਾਸ ਪਦਾਰਥ' ਤੇ ਕਿਸੇ ਕਿਸਮ ਦੀ ਕੋਈ ਮਨਾਹੀ ਨਹੀਂ । ਇਸ ਸੰਬੰਧ ਵਿਚ ਉਹ ਹੇਠ-ਲਿਖੀ ਗੁਰਬਾਣੀ ਦੀ ਤੁਕ ਦਾ ਉਸ ਨੂੰ ਮਨ-ਮਰਜੀ ਮੁਤਾਬਕ ਬਦਲ ਕੇ ਹਵਾਲਾ ਦਿਆ ਕਰਦੇ ਹਨ :

**ਬਾਬਾ ਸਾ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲੈ ਵਿਕਾਰੁ ॥**

ਨੋਟ-ਤੁਕ ਨੰ : ੧ ਵਿਚ ਸ਼ਬਦ 'ਸਾ' ਦੀ ਥਾਵੇਂ ਸਬਦ 'ਹੋਰੁ' ਹੈ ।

ਮਾਸ ਖਾਣ ਦੇ ਸੰਬੰਧ ਵਿਚ ਸਮੁਚੇ ਸ਼ਬਦ ਦੇ ਦਰਸ਼ਨ ਕਰਨੇ ਜਰੂਰੀ ਹਨ, ਜਿਸ ਵਿਚ ਉਪਰੋਕਤ ਤੁਕਾਂ ਆਉਂਦੀਆਂ ਹਨ । ਸ਼ਬਦ ਇਸ ਪ੍ਰਕਾਰ ਹੈ :

**ਸਤਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥**
**ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥**
**ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥**
**ਭਾਬਾ ਹੋਰ ਖਾਣਾ ਖੁਸੀ ਖੁਆਰੁ ॥**
**ਜਿਤ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**
**ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥**



ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਥਨੁ ਤੇਰਾ ਨਾਮੁ ॥੨॥

ਬਾਬਾ ਹੋੁਰ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥
ਬਾਬਾ ਹੋੁਰ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥੪॥੭॥

*(ਸਿਰੀਰਾਗੁ ਮਹਲਾ ੧, ਪੰਨਾ ੧੬-੧੭)*

ਦੇਖਿਆ ਗਿਆ ਹੈ ਕਿ ਸਾਰੇ ਵੀਰ ਆਪਣੇ ਪੱਖ ਦੀ ਪੁਸ਼ਟੀ ਵਿਚ 'ਸਾ ਖਾਣਾ ਖੁਸੀ ਖੁਆਰੁ' ਬੋਲਦੇ ਹਨ, ਜਦੋਂਕ ਗੁਰਬਾਣੀ ਦੀ ਤੁਕ ਵਿਚ 'ਹੋਰੁ ਖਾਣਾ ਖੁਸੀ ਖੁਆਰੁ' ਅੰਕਿਤ ਹੈ । ਸ਼ਬਦ 'ਹੋਰ' ਨੂੰ 'ਸਾ' ਵਿਚ ਬਦਲ ਕੇ ਤੁਕ ਨੂੰ ਗਲਤ ਰੂਪ ਵਿਚ ਪਤਾ ਨਹੀਂ ਕਿਉਂ ਪੇਸ਼ ਕੀਤਾ ਜਾਂਦਾ ਹੈ ।

ਇਸ ਸ਼ਬਦ ਦੇ ਚਾਰ ਬੰਦ ਹਨ ਅਤੇ ਹਰੇਕ ਬੰਦ ਮਗਰੋਂ ਆਈ ਰਹਾਉ ਦੀ ਪਹਿਲੀ ਤੁਕ ਵਿਚ 'ਹੋਰ' ਸ਼ਬਦ ਆਉਂਦਾ ਹੈ, ਅਤੇ ਇਥੇ 'ਹੋਰ' ਸ਼ਬਦ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ ।

ਪਹਿਲੇ ਬੰਦ ਵਿਚੋਂ ਗੁਰੂ ਬਾਬਾ ਜੀ ਜੀਵਨ ਵਿਚ ਸਦੀਵੀ ਅਨੰਦ ਅਤੇ ਆਤਮਕ ਪ੍ਰਗਤੀ ਲਈ ਗੁਰਸਿਖ ਜਗਿਆਸੂਆਂ ਲਈ ਇਕ ਆਦਰਸ਼ਕ ਅਧਿਆਤਮਕ ਭੋਜਨ ਦਾ ਵਰਣਨ ਕਰਦੇ ਹਨ ਅਤੇ ਇਸ ਬੰਦ ਮਗਰੋਂ ਆਈਆਂ ਰਹਾਉ ਦੀਆਂ ਪੰਗਤੀਆਂ ਵਿਚ ਚਿਤਾਵਨੀ ਦਿੰਦੇ ਹਨ ਕਿ ਇਸ ਆਦਰਸ਼ਕ ਭੋਜਨ ਦੇ ਮੁਕਾਬਲੇ ਵਿਚ ਹੋਰ (ਮਾਇਕ) ਖਾਣਾ ਖੁਸ਼ੀ ਦਾ ਬਾਧਕ ਹੈ । ਬਾਕੀ ਦੇ ਤਿੰਨਾਂ ਪਦਿਆਂ ਵਿਚ ਗੁਰੂ ਪਾਤਸ਼ਾਹ ਜੀ ਵਲੋਂ ਅਧਿਆਪਕ ਪੁਸ਼ਾਕ ਅਧਿਆਪਕ ਸਵਾਰੀ ਅਤੇ ਅਧਿਆਪਕ ਸਵਾਰੀ ਅਤੇ ਅਧਿਆਪਕ ਲੀਨਤਾ (ਨੀਂਦ) ਦਾ ਵਰਣਨ

ਕਰਦਿਆਂ ਹੋਇਆਂ ਹਰੇਕ ਬੰਦ ਦੇ ਅੰਤ ਵਿਚ ਚਿਤਾਵਨੀ ਦਿੱਤੀ ਹੋਈ ਹੈ ਕਿ ਇਨ੍ਹਾਂ ਦੇ ਮੁਕਾਬਲੇ ਵਿਚ ਹੋਰ (ਮਾਇਕ) ਪੁਸ਼ਾਕ, (ਮਾਇਕ) ਸਵਾਰੀ ਅਤੇ (ਮਾਇਕ) ਲਲਿਤਾ ਇਹ ਸਾਰੀਆਂ ਖੁਸ਼ੀ ਬਾਧਕ ਵਹਨ।

ਉਪਰੋਕਤ ਸੰਖੇਪ ਜਿਹੀ ਵਿਚਾਰ ਤੋਂ ਸਪੱਸ਼ਟ ਨਿਰਣਾ ਹੋ ਜਾਂਦਾ ਹੈ ਕਿ ਉਪ੍ਰੋਕਤ ਸ਼ਬਦ ਵਿਚ ਗੁਰੂ ਜੀ ਮਾਇਕ ਪਦਾਰਥਾਂ ਦੇ ਛਿੰਨ-ਭੰਗਰੀ ਸੁਆਦ ਅਤੇ ਅਨੰਦ ਦਾ ਅਧਿਆਤਮਕ ਪ੍ਰਾਪਤੀਆਂ ਤੇ ਸਦੀਵੀ ਰਸ ਤੇ ਅਨੰਦ ਨਾਲ ਪਰਸਪਰ ਟਾਕਰਾ ਕਰ ਕੇ ਅਧਿਆਤਮਕ-ਵਾਦ ਨੂੰ ਪਦਾਰਥਵਾਦ ਨਾਲੋਂ ਉਤਮ ਅਤੇ ਸੁਖਦਾਈ ਸਾਬਤ ਕਰ ਰਹੇ ਹਨ । ਗੁਰੂ ਪਾਤਸ਼ਾਹ ਦੀ ਅਧਿਆਤਮਕ ਦ੍ਰਿਸ਼ਟੀ ਵਿਚ 'ਤੁਧੁ ਬਾਝੁ ਕੂੜੁ' ਹੈ । ਆਸਾ ਦੀ ਵਾਰ ਦੇ ਦਸਵੇਂ ਸਲੋਕ ਵਿਚ ਇਸ ਦੀ ਵਦੇਰੇ ਵਿਆਖਿਆ ਕੀਤੀ ਮਿਲਦੀ ਹੈ :

**ਕੂੜ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**
**ਕੂੜੁ ਮੰਡਪੁ ਕੂੜੁ ਬੈਸਣਹਾਰੁ ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਆਪਾਰੁ ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹਏ ਖਾਰੁ ॥**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**
**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**
**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥**

ਸੋ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਉਪਰੋਕਤ ਸ਼ਬਦ ਵਿਚ ਸਤਿਗੁਰੂ ਝੀ ਉਪਦੇਸ਼ ਕਰਦੇ ਹਨ ਕਿ ਅਸੀਂ ਮਾਇਕ ਰਸਾਂ ਕਸਾਂ ਵਿਚ ਖੱਚਤ ਹੋਣ ਦੀ ਬਜਾਏ ਨਾਮ-ਰਸ ਨੂੰ ਜੀਵਨ ਦਾ ਅਧਾਰ ਬਣਾਈਏ, ਤਾਂ ਜੁ ਜੀਵਨ ਵਧੇਰੇ ਸੁਖੀ ਤੇ ਪ੍ਰਸੰਨ ਹੋਵੇ ਅਤੇ ਪ੍ਰਸੰਨਤਾ ਸਦੀਵੀ ਅਤੇ ਸਥਾਈ ਰਵ੍ਹੇ । ਫਿਰ ਸਮਝ ਨਹੀਂ ਪੈਂਦੀ ਕਿ ਉਪਰੇਕਤ ਸ਼ਬਦ ਦਾ ਮਾਸ ਖਾਣ ਦੇ ਹੱਕ ਵਿਚ ਕਿਵੇਂ ਹਵਾਲਾ ਦਿੱਤਾ ਜਾਂਦਾ ਹੈ, ਜਦ ਕਿ ਮਾਸ ਨੂੰ ਗੁਰਬਾਣੀ ਅੰਦਰ 'ਕਰੰਗ ਬਿਖੂ' ਕਰ ਕੇ ਵਰਣਨ ਕੀਤਾ ਗਿਆ ਹੈ । ਤਾਂ ਤੇ ਨਿਰਸੰਦੇਹ ਮਾਸ ਨਿੰਦਤ ਪਦਾਰਥ ਹੈ ਤੇ ਸਿਖ ਧਰਮ ਵਿਚ ਇਸ ਦੇ ਸੇਵਨ ਦੀ ਮਨਾਹੀ ਹੈ ।

## ਕੀ ਮਾਸ ਖਾਣਾ ਵਿਕਾਰ ਪੈਦਾ ਨਹੀਂ ਕਰਦਾ ?

ਕੋਈ ਕਿਵੇਂ ਮੁੱਕਰ ਸਕਦਾ ਹੈ ਕਿ ਮਾਸ ਪ੍ਰਾਪਤ ਕਰਨ ਵਿਚ ਜੋਰ-ਜੁਲਮ ਦੀ ਵਰਤੋਂ ਹੁਮਦਿ ਹੈ । ਜੇਰ-ਜੁਲਮ ਆਪਣੇ ਆਪ ਵਿਚ ਇਕ ਵੱਡਾ ਵਿਕਾਰ ਹੈ । ਮਾਸ ਦੇ ਖਾਣ ਨਾਲ ਮਨ ਦਾ ਨਿਰਦਈ ਹੋ ਜਾਣਾ ਹੀ ਇਕ ਵੱਡਾ ਵਿਕਾਰ ਹੈ । ਮਾਸ ਖਾਣ ਨਾਲ ਹੋਰ ਇੱਲਤਾਂ (ਭੈੜੀਆਂ ਵਾਦੂਆਂ) ਵੀ ਸੁਤੇ ਹੀ ਆ ਚੰਬੜਦੀਆਂ ਹਨ । ਮਾਸ ਖਾਣ ਵਾਲੇ ਪੁਰਸ਼ ਆਮ ਤੌਰ' ਤੇ ਸ਼ਰਾਬੀ ਅਤੇ ਵਿਸ਼ੱਈ ਵੇਖਣ ਵਿਚ ਆਉਂਦੇ ਹਨ, ਪਰ ਸਾਡਾ ਮੁਖ ਤੌਰ' ਤੇ ਸੰਬੰਦ ਮਾਸ-ਪ੍ਰਾਪਤੀ ਲਈ ਵਣਤੇ ਜਾਂਦੇ ਜੋਰ-ਜੁਲਮ ਨਾਲ ਹੈ । ਜੋਰ-ਜੁਲਮ ਨਾਲ ਪ੍ਰਾਪਤ ਕੀਤਾ ਮਾਸ ਛਕ ਕੇ ਨਾਮ ਜਪਣ ਲਈ ਮਨ ਦਾ ਟਿਕਾਅ ਕਿਵੇਂ ਸੰਭਵ ਹੌ ਸਕਦਾ ਹੈ ?

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥੧॥੬॥**

*(ਸਲੋਕ ਮ: ੧, ਪੰਨਾ ੧੪੦)*

{ ***ਅਰਥ :*** ਜੇ ਕਪੜੇ ਉਤੇ ਖੂਨ ਦੀਆਂ ਛਿਟਾਂ ਪੈ ਜਾਣ ਨਾਲ ਪੁਸ਼ਾਕ ਅਪਵਿਤਰ ਹੋ ਜਾਂਦੀ ਹੈ (ਅਤੇ ਇਸ ਪੁਸ਼ਾਕ ਨੂੰ ਪਾ ਕੇ ਪੂਜਾ-ਪਾਠ ਭਜਨ-ਬੰਦਗੀ ਵਿਚ ਬੈਠਣਾ ਉਚਿਤ ਨਹੀਂ) ਤਾਂ ਕਿਹੜੇ ਮਨੁੱਖ (ਜਾਨਵਰਾਂ ਦਾ ਮਾਸ ਦਾ ਖਾਣ ਕਰਕੇ ਓਨ੍ਹਾਂ ਦੀ) ਸਗਵੀਂ ਰਤ ਪੀਂਦੇ ਹਨ, ਉਨ੍ਹਾਂ ਦਾ ਚਿਤ ਕਿਵੇਂ ਪਵਿੱਤਰ ਹੋ ਸਕਦਾ ਹੈ । }

**ਭਲਾ ਜੇ ਕੋਈ ਆਪ-ਹੁਦਰਾ (ਅਖੌਤੀ) ਸਿਖ ਇਹ ਸ਼ੇਖੀ ਮਾਰੇ ਕਿ ਬਿਖ (ਤਮਾਕੂ) ਦਾ ਸੇਵਨ ਕਰ ਕੇ ਉਸ ਦੇ ਅੰਦਰ ਕੋਈ ਵਿਕਾਰ ਨਹੀਂ ਉਪਜਦਾ, ਤਾਂ ਕੀ ਉਸ ਲਈ ਤਮਾਕੂ ਸੇਵਨ ਦੀ ਕੋਈ ਮਨਾਹੀ ਨਹੀ ?**

ਸਾਰੇ ਜਾਣਦੇ ਹਨ ਕਿ ਤਮਾਕੂ ਦਾ ਸੇਵਨ ਆਪਣੇ ਆਪ ਵਿਚ ਇਕ ਵੱਡਾ ਵਿਕਾਰ ਹੈ ਤੇ ਇਸ ਦੇ ਨਤੀਜੇ ਮਾਰੂ ਹਨ । ਰਹਿਤਨਾਮਿਆਂ ਵਿਚ ਤਮਾਕੂ ਨੂੰ ਵੀ ਬਿਖ ਕਰਕੇ ਵਰਨਿਆ ਗਿਆ ਹੈ । ਇਸੇ ਲਈ ਹੀ ਤਮਾਕੂ ਅਤੇ ਹੋਰ ਨਸ਼ਿਆਂ ਦੀ ਵਰਤੋਂ ਸਿਖ ਧਰਮ ਵਿਚ ਵਿਵਰਜਿਤ ਹੈ ।

ਮਾਸ ਇਕ ਵਿਕਾਰ-ਉਪਜਾਊ (Passion Provoking) ਤੇ ਤਾਮਸਿਕ ਭੋਜਨ ਮੰਨਿਆ ਗਿਆ ਹੈ । ਇਹ ਮਨੁੱਖ ਦਾ ਕੁਦਰਤੀ ਆਹਾਰ ਨਹੀਂ ਤੇ ਇਸ ਦੇ ਸੇਵਨ ਕਰਨ ਨਾਲ ਸਰੀਰ ਅਤੇ ਮਨ ਦੋਹਾਂ ਉਤੇ ਕੁਦਰਤ-ਵਿਰੋਧੀ ਤੇ ਇਸ ਦੇ ਸੇਵਨ ਕਰਨ ਨਾਲ ਸਰੀਰ ਅਤੇ ਮਨ ਦੋਹਾਂ ਉਤੇ ਕੁਦਰਤ-ਵਿਰੋਧੀ ਪ੍ਰਸਥਿਤੀਆਂ ਦਾ ਉਤਪੰਨ ਹੋਣਾ ਸੰਭਵ ਹੈ । ਮਾਸ ਜੀਵਾਂ ਨੂੰ ਕਟ ਵਢ ਕੇ ਪ੍ਰਾਪਤ

ਹੁੰਦਾ ਹੈ ਅਤੇ ਇਹ ਮਲੇਛਾਂ ਦਾ ਖਾਣਾ ਹੈ । ਜੀਵਾਂ ਦਾ ਕਟਣਾ ਵਢਣਾ ਹੱਤਿਆ ਹੈ, ਜੋ ਕਿ ਵੱਡਾ ਵਿਕਾਰ ਹੈ :

**ਅਸੰਖ ਗਲ-ਵਢ ਹਤਿਆ ਕਮਾਹਿ ॥**

**ਅਸੰਖ ਪਾਪੀ ਪਾਪੁ ਕਰਿ ਜਾਹਿ ॥** *(ਜਪੁਜੀ, ਪਉੜੀ ੧੮)*

ਜਦੋਂ ਹੀ ਕਿਸੇ ਦੇ ਮਨ ਵਿਚ ਜੀਭ ਦੇ ਚਸਕੇ ਅਧੀਨ ਮਾਸ ਖਾਣ ਦਾ ਸੰਕਲਪ ਉਤਪੰਨ ਹੁੰਦਾ ਹੈ ਓਸੇ ਵਕਤ ਉਸ ਦਾ ਮਨ ਵਿਕਾਰੀ ਹੋ ਜਾਂਦਾ ਹੈ । ਫਿਰ ਉਹ ਤੁਰਤ ਬੁੱਚੜ ਦੀ ਦੁਕਾਨ' ਤੇ ਪੁਜਦਾ ਹੈ, ਨਹੀਂ ਤਾਂ ਆਪ ਹੀ ਬੁੱਚੜ ਬਣਨ' ਤੇ ਉਤਰ ਆਉਂਦਾ ਹੈ ।

ਹੈਰਾਨੀ ਹੁਮਦਿ ਹੈ ਜਦੋਂ ਕਿਸੇ ਗੁਰਸਿਖ ਨੂੰ ਇਹ ਆਖਦਿਆਂ ਸੁਣੀਦਾ ਹੈ ਕਿ ਮਾਸ ਖਾਣ ਨਾਲ ਅੰਦਰ ਵਿਕਾਰ ਪੈਦਾ ਨਹੀਂ ਹੁੰਦਾ ।

ਸਵਾਲ ਸਿੱਧਾ ਹੈ ਕਿ ਜਿਸ ਪਦਾਰਥ ਨੂੰ ਗੁਰਬਾਣੀ ਅੰਦਰ 'ਕਰੰਗ-ਬਿਖੂ' ਕਹਿ ਕੇ ਨਿੰਦਿਆ ਗਿਆ ਹੈ ਅਤੇ ਜਿਸ ਨੂੰ ਪ੍ਰਾਪਤ ਕਰਨ ਵਿਚ ਜੋਰ-ਜੁਲਮ ਕਰਨਾ ਪੈਂਦਾ ਹੈ, ਬੁਚੜ ਬਣਨ ਤਕ ਨੌਬਤ ਆਉਂਦਾ ਹੈ, ਉਸ ਦੀ ਵਰਤੋਂ ਗੁਰੂ ਦੇ ਸਿਖ-ਪੁੱਤਰਾਂ ਲਈ ਕਿਵੇਂ ਜਾਇਜ ਹੈ ?

## ਦਲੀਲ ਨੰਬਰ ੨

ਮਾਸ-ਆਹਾਰੀ ਵੀਰਾਂ ਵਲੋਂ ਦਲੀਲ ਦਿਤੀ ਜਾਂਦੀ ਹੈ ਕਿ ਸਿਖ ਧਰਮ ਵਿਚ ਮੁਸਲਮਾਨੀ ਤਰੀਕੇ ਨਾਲ ਜਾਨਵਰਾਂ ਨੂੰ ਮਾਰ ਕੇ, ਭਾਵ ਕੁਹ ਕੇ ਤਿਆਰ ਕੀਤੇ ਮਾਸ ਦੀ ਮਨਾਹੀ ਹੈ, ਝਟਕਾ ਮਾਸ ਖਾਣਾ ਜਾਇਜ ਹੈ ।

### *ਵਿਚਾਰ*

ਇਸ ਦਲੀਲ ਦਾ ਨਿਰੀਖਣ ਕਰਨ ਤੋਂ ਪਹਿਲਾਂ 'ਕੁੱਠੇ' ਅਤੇ 'ਝਟਕੇ' ਸੰਬੰਧੀ ਜਾਨਕਾਰੀ ਕਰ ਲੈਣੀ ਲਾਭਦਾਇਕ ਹੋਵੇਗੀ ।

**ਕੁੱਠਾ** : ਗੁਰਬਾਣੀ ਦੀਆਂ ਹੇਠ-ਲਿਖੀਆਂ ਪੰਗਤੀਆਂ ਵਿਚ 'ਕੁਠਾ' ਸ਼ਬਦ ਆਉਂਦਾ ਹੈ :

**ਅਭਾਖਿਆ ਕਾ 'ਕੁਠਾ' ਬਕਰਾ ਖਾਣਾ ॥**

**ਛਉਕੇ ਉਪਰਿ ਕਿਸੈ ਨ ਜਾਣਾ ॥ (੪੭੨)**

**ਤਿਸ ਦਾ 'ਕੁਠਾ' ਹੋਵੈ ਸੇਖੁ ॥**

**ਲੋਹੂ ਲਬੁ ਨਿਕਥਾ ਵੇਖਨ ॥ (੯੫੩)**

**ਫਾਪ ਕਰੇਦੜ ਸਰਪਰ ਮੁਠੇ ॥**

**ਅਜਰਾਈਲਿ ਫੜੇ ਫੜਿ 'ਕੁਠੇ' ॥** (੧੦੧੯)

ਕੁਠਾ-ਕੋਹਿਆ ਹੋਇਆ, ਅਥਵਾਂ ਬੇਰਹਿਮੀ ਨਾਲ ਮਾਰਿਆ ਹੋਇਆ । ਪਰ ਇਸ ਪਦ ਦੇ ਮਨ-ਮਾਨੇ ਅਰਥ ਕੀਤੇ ਜਾਂਦੇ ਹਨ, 'ਮੁਸਲਮਾਨੀ ਤਰੀਕੇ ਨਾਲ ਕਟਿਆ ਜੀਵ' ।

ਝਟਕਾ : 'ਝਟਕਾ' ਪਦ ਗੁਰਬਾਣੀ ਵਿਚ ਕਿਧਰੇ ਨਹੀਂ ਆਇਆ । ਇਸ ਦੇ ਪ੍ਰਚਲਤ ਅਰਥ ਕੀਤੇ ਕਾਂਦੇ ਹਨ, 'ਸਤਿ ਸ੍ਰੀ ਅਕਾਲ ਕਹਿ ਕੇ ਸ਼ਸਤਰ ਦੇ ਇਕੋ ਵਾਰ ਨਾਲ ਜੀਵ ਦਾ ਸਿਰ ਵਢਣਾ' ।

'ਕੁੱਠਾ' ਸ਼ਬਦ ਪੰਜਾਬੀ ਵਿਆਕਰਣ ਅਨੁਸਾਰ ਕੁਹਣਾ ਧਾਤੂ ਤੋਂ ਬਣਿਆ 'ਕਿਰਿਆ-ਫਲ ਕਾਰਦੰਤਕ' ਹੈ ਤੇ ਇਸ ਦੇ ਅਰਥ ਹਨ 'ਕੋਹਿਆ ਹੋਇਆ' ।

ਪੰਜਾਬੀ ਦੇ ਅਜਿਹੇ ਹੋਰ ਸ਼ਬਦ ਪੁਸ਼ਟੀ ਵਜੋਂ ਹੇਠਾਂ ਦਿਤੇ ਜਾਂਦੇ ਹਨ :

ਰੁਸਿਆ ਹੋਇਆ - ਰੁੱਠਾ
ਵਸਿਆ ਹੋਇਆ - ਵੁੱਠਾ
ਢਹਿਆ ਹੋਇਆ - ਢੱਠਾ
ਦੇਖਿਆ ਹੋਇਆ - ਡਿੱਠਾ
ਮੁਹਿਆ ਹੋਇਆ - ਮੁੱਠਾ
ਘੁਥਾ ਹੋਇਆ - ਘੁਠਾ

'ਕੁਠਾ' ਦੇ ਅਰਥ ਹਨ 'ਕੋਹਿਆ ਹੋਇਆ ਮਾਸ' ਅਤੇ ਖਾਲਸਾ ਰਹਿਤ ਵਿਚ ਕੁੱਠਾ ਖਾਣਾ ਵਰਜਿਤ ਹੈ। ਇਸ ਸਚਾਈ ਤੋਂ ਮੁਕਰਿਆ ਨਹੀ ਜਾ ਸਕਦਾ ਕਿ ਛੁਰੀ ਨਾਲ ਕੋਹੇ ਜਾਣ ਜਾਂ ਕਿਸੇ ਹੋਰ ਹਥਿਆਰ ਨਾਲ ਕੱਟੇ ਜਾਣ, ਭਾਵ, ਦੋਹਾਂ ਹਾਲਤਾਂ ਵਿਚ ਹੀ ਜਾਨਵਰਾਂ ਨੂੰ ਸਰੀਰਕ ਅਤੇ ਮਾਨਸਕ ਕਸ਼ਟ ਹੁੰਦਾ ਹੈ । ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਜਾਨਵਰ ਨੂੰ ਇਕੋ ਝਟਕੇ ਨਾਲ ਕਟਣ ਨਾਲੋਂ ਹੋਲੀ ਹੋਲੀ ਕਟਣ ਵਿਚ ਕਸ਼ਟ ਜਿਆਦਾ ਹੁੰਦਾ ਹੈ, ਪਰ ਇਹ ਕਹਿਣਾ ਕਿ ਝਟਕੇ ਨਾਲ ਜਾਨਵਰ ਨੂੰ ਕਤੱਈ ਕਸ਼ਟ ਨਹੀਂ ਹੁੰਦਾ, ਆਪਣੇ ਮਨ ਨੂੰ ਧੋਖਾ ਦੇਣ ਵਾਲੀ ਗੱਲ ਹੈ । ਜਾਨਵਰ ਜਦੋਂ ਆਪਣੇ ਸਾਥੀਆਂ ਨੂੰ ਬੁੱਚੜ ਹੱਥੀ ਕੁਹੀਂਦੇ ਵੇਖਦਾ ਹੈ ਅਤੇ ਉਹਨਾਂ ਦੀਆਂ ਚੀਕਾਂ-ਪੁਕਾਰਾ ਸੁਣਦਾ ਹੈ ਅਤੇ ਫਿਰ ਤੇਜ ਹਥਿਆਰ ਲਈ ਬੁੱਚੜ ਨੂੰ ਆਪਣੇ ਵਲ ਆਉਂਦਾ ਵੇਖਦਾ ਹੈ ਤਾਂ ਡਰ ਅਤੇ ਮਾਨਸਕ ਸਹਿਮ ਕਾਰਨ ਉਸ ਦੇ ਹਵਾਸ ਉੱਡ ਜਾਂਦੇ ਹਨ । ਵਿਚਾਰਾ ਚੀਕ-ਚਿਹਾੜਾ ਕਰਦਓ ਹੈ, ਹੱਥੋ ਨਿਕਲ ਜਾਂਦਾ ਹੈ । ਉਸ

ਧਾ ਮਾਨਸਕ ਅਤੇ ਸਰਰਿਕ ਕਸ਼ਟ ਸਿਖਰ 'ਤੇ ਪੁਜ ਜਾਂਦਾ ਹੈ, ਜਦੋਂ ਬੁੱਚੜ ਉਸ ਨੂੰ ਸ਼ਿਕੰਜੇ ਵਿਚ ਜਕੜ ਕੇ ਤੇਜ ਹਥਿਆਰ ਦੇ ਵਾਰ ਨਾਲ ਉਸ ਦੀ ਗਰਦਨ ਧੜ ਤੋਂ ਵੱਖ ਕਰ ਦੇਂਦਾ ਹੈ ।

ਅਜਬ ਗੱਲ ਹੈ ਕਿ ਆਪਣੀ ਤੋਤਕੜੀ (ਜੀਭ) ਦੇ ਸੁਆਦ ਲਈ ਲੋਭ-ਲਹਿਰ ਦੇ ਹਲਕਾਏ ਹੋਏ ਅਸੀਂ ਬੇਕਸੂਰ ਮਾਸੂਮ ਅਤੇ ਬੇ-ਜਬਾਨ (ਬੇ-ਜੁਬਾਨਇਸ ਲਈ ਕਿ ਉਹ ਸਾਡੇ ਜੋਰ-ਜੁਲਮ ਵਿਰੁਧ ਦਾਦ-ਫਰਿਆਦ ਨਹੀਂ ਕਰ ਸਕਦੇ) ਜਾਨਵਰਾਂ ਉਤੇ ਜੁਲਮ ਕਰਦੇ ਹਾਂ, ਉਹਨਾਂ ਨੂੰ ਵੱਢਦੇ-ਟੁਕਦੇ ਹਾਂ, ਪਰ ਫਿਰ ਬੜੇ ਹੌਸਲੇ ਨਾਲ ਇਹ ਦਾਅਵਾ ਬੰਨ੍ਹਦੇ ਹਾਂ ਕਿ ਜੀ,ਝਟਕੇ ਦੁਆਰਾ ਵਢਣ ਨਾਲ ਜਾਨਵਰ ਨੂੰ ਕਤੱਈ ਤਕਲੀਫ ਨਹੀਂ ਹੰਦੀ । ਇਹ ਹੱਠ-ਧਰਮੀ ਮਨੁੱਖ ਸ਼ਾਇਦ ਇਸ ਲਈ ਕਰਦਾ ਹੈ ਕਿ ਸੰਸਾਰ ਉਤੇ ਸਾਰੀਆਂ ਕਚਹਿਰੀਆਂ ਮਨੁੱਖ ਨੇ ਆਪ ਬਣਾਈਆਂ ਹੋਈਆਂ ਹਨ । ਮਨੁੱਖ ਜਾਤੀ ਦੀਆਂ ਬਣਾਈਆਂ ਹੋਈਆਂ ਕਚਹਿਰੀਆਂ ਵਿਚ ਭਾਵੇਂ ਮਨੁੱਖ ਵਲੋਂ ਜਾਨਵਰ ਉਤੇ ਕੀਤੇ ਗਏ ਜੋਰ-ਜੁਲਮ ਵਿਰੁਧ ਦਾਦ-ਪਰਿਆਦ ਦੀ ਕੋਈ ਗੁੰਜਾਇਸ਼ ਨਹੀਂ, ਪਰ ਸਰਬੱਤ ਜੀਵ-ਜੰਤੂਆਂ ਦੇ ਮਾਲਕ ਵਾਹਿਗੁਰੂ ਦੀ ਸੱਚੀ ਕਚਹਿਰੀ ਵਿਚ ਹਰੇਕ ਦੀਨ-ਦੁਖੀ ਦੀ ਪੁਕਾਰ ਸੁਣ ਕੇ ਉਸ ਉਤੇ ਸੱਚਾ ਨਿਆਂ ਕੀਤਾ ਕਾਂਦਾ ਹੈ । ਵਾਹਿਗੁਰੂ ਦੇ ਧਰਮ-ਨਿਆ ਦੀ ਮਾਰ ਤੋਂ ਕੋਈ ਜਾਲਮ ਬੱਚ ਨਹੀਂ ਸਕਦਾ, ਭਾਵੇ ਉਹ ਵੱਡਾ ਹੋਵੇ ਜਾਂ ਛੋਟਾ :

**ਧਰਮਰਾਇ ਨੋ ਹੁਕਮ ਹੈ ਬਹਿ ਸਚਾ ਧਰਮੁ ਬੀਚਾਰਿ ॥**
**ਦੂਜੈ ਭਾਇ ਦੁਸਟੁ ਆਤਮਾ ਉਹ ਤੇਰੀ ਸਰਕਾਰ ॥ (੩੮)** *(ਪੰਨਾ ੩੮)*

ਗੁਰਬਾਣੀ ਦਾ ਫਤਵਾ ਹਰੇਕ ਜਾਲਮ ਲਈ ਸਪੱਸ਼ਟ ਤੇ ਸਾਂਝਾ ਹੈ :

**ਕਬੀਰ ਜੋਰੁ ਕੀਆ ਹੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**
**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥**

**ਕਬੀਰ ਜੀਅ ਜੁ ਮਾਰਹਿ ਕੋਰੁ ਕਹਤੇ ਹਹਿ ਜੁ ਹਲਾਲੁ ॥**
**ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥**

*(ਸਲੋਕ ਕਬੀਰ ਜੀ, ਪੰਨਾ ੧੩੭੫)*

**ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸਿ ॥**
**ਸੀਹੁ ਪੁਛੈ ਵਿਸਮਾਦ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ ॥**
**ਬਿਨਉ ਕਰੇਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ ॥**
**ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ ॥**

**ਮਾਸੁ ਖਾਨ ਗਲ ਵਢਿ ਕੈ ਹਾਲੁ ਤਿਨਾੜਾ ਕਉਣ ਹੋਵਸੀ ॥**
**ਗਰਬ ਗਰੀਬ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ ॥**
**ਜਗਿ ਆਇਆ ਸਭ ਕੋਈ ਮਰਸੀ ॥੧੭॥**

*(ਭਾਈ ਗੁਰਦਾਸ ਜੀ, ਵਾਰ ੨੫)*

**ਕੁਹਿ ਕਮਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ ॥**
**ਹਸਿ ਹਸਿ ਬੋਲੀ ਕੁਹੀਦੀ ਖਾਧੇ ਅਕੁ ਹਾਲੁ ਇਹ ਹੋਆ ॥**
**ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਣ ਅਲੋਆ ॥**
**ਜੀਭੈ ਹੰਦਾ ਫੇੜਿਐ ਖਉ ਦੰਦਾ ਮੁਹਿ ਭੰਨਿ ਵਿਗੋਆ ॥**
**ਪਰਤਨ ਪਰਧਨ ਨਿੰਦ ਕਰਿ ਹੋਆ ਦੁਜੀਭਾ ਬਿਸੀਅਰੁ ਭੋਆ ॥**
**ਵਸਿ ਆਵੈ ਗੁਰ ਮੰਤ ਸੁਣਿ ਨਿਗੁਰਾ ਮਨਮੁਖ ਸੁਣੈ ਨ ਸੋਆ ॥**
**ਵੇਖਿ ਨ ਚਲੈ ਅਗੈ ਟੋਆ ॥੨੧॥**

*(ਭਾਈ ਗੁਰਦਾਸ ਜੀ, ਵਾਰ ੩੭)*

ਜੀਭ ਦੇ ਸੁਆਦ ਲਈ ਜੀਵਾਂ ਦੇ ਸੰਘਾਰ ਕਰਨੋਂ ਗੁਰਬਾਣੀ ਸਪੱਸ਼ਟ ਤੌਰ ਤੇ ਵਰਜਦੀ ਹੈ । ਸੰਘਾਰ ਲਈ ਭਾਵੇਂ ਕੋਈ ਤਰੀਕਾ ਵਰਤਿਆ ਜਾਵੇ, ''ਝਟਕਾ' ਜਾਂ 'ਹਲਾਲੁ', ਹੱਤਿਆ ਦਾ ਦੋਸ਼ ਹਰ ਹਾਲਤ ਵਿਚ ਮਾਸ ਖਾਣ ਦੀ ਗਲਤੀ ਕਰਦੇ ਹਨ, ਇਹ ਕੁਝ ਹੋਰ ਗੱਲ ਹੈ । ਹੈਰਾਨੀ ਤਾਂ ਇਹ ਹੈ ਕਿ ਸੂਝ ਵਾਲੀ ਬੰਦੇ ਜੀਭ ਦੇ ਚਸਕੇ ਅਧੀਨ ਜੀਵਾਂ ਨੂੰ ਸ਼ੁਭ-ਕਰਮ ਸਿਧ ਕਰਨ ਲਈ ਢੁੱਚਰਾਂ ਘੜਦੇ ਹਨ ਕਿ ਜੀ ! ਇਸ ਜਾਨਵਰ ਦੀ ਰੱਬ ਦੇ ਨਾਂ 'ਤੇ ਬਲੀ ਦਿਤੀ ਗਈ ਹੈ ਤੇ ਇਸ ਦੀ ਜੂਨ ਕੱਟੀ ਗਈ ਹੈ । ਅਜਿਹੇ ਬੰਦਿਆਂ ਲਈ ਗੁਰਬਾਣੀ ਦਾ ਫੁਰਮਾਨ ਹੈ ਕਿ ਉਹ ਸੁਆਰਥੀ ਲੋਕ ਲੋਭ-ਲਹਿਰ ਵਿਚ ਅੰਨ੍ਹੇ ਹੋਏ ਕੇਵਲ ਜਬਾਨ ਦੇ ਚਸਕੇ ਦਾ ਅਤੇ ਆਪਣੀ ਗੋਗੜ ਵਧਾਣ ਦਾ ਹੀ ਖਿਆਲ ਕਰਦੇ ਹਨ, ਵਿਚਾਰੇ ਜਾਨਵਰਾਂ ਦੇ ਕਸ਼ਟ ਦਾ ਉਨ੍ਹਾਂ ਨੂੰ ਰਤਾ ਖਿਆਲ ਨਹੀਂ ਕਰਦੇ ਹਨ, ਵਿਚਾਰੇ ਸੁਆਦਲੇ ਅਤੇ ਤਾਕਤਵਰ ਪਦਾਰਥ ਬੇਅੰਤ ਹਨ, ਜੋ ਧਰਤੀ ਦੇ ਸਰਦਾਰ ਮਨੁੱਖ ਨੂੰ ਪ੍ਰਾਪਤ ਹਨ । ਫਿਰ ਜਾਨਵਰਾਂ ਦੀ ਸੰਘੀ ਘੁਟਣ ਦਾ ਅਨਰਥ ਕਰ ਕੇ ਮਨੁੱਖ ਪਤਾ ਨਹੀਂ ਕਿਉਂ ਝੱਖ ਮਾਰਦਾ ਹੈ ? ਯਥਾ ਗੁਰਵਾਕ :

**ਰੋਜਾ ਧਰੈ ਮਨਾਵੈ ਅਲਹੁ, ਸੁਆਦਤਿ ਜੀਅ ਸੰਘਾਰੈ ॥**
**ਆਪਾ ਦੇਖਿ ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ ॥** (੪੮੩)

ਅਫਸੋਸ ਤਾਂ ਇਸ ਦੱਲ ਗੱਲ ਦਾ ਹੈ ਕਿ ਮਾਸ-ਆਹਾਰੀ ਚਲਾਕ ਬੰਦਿਆਂ ਨੇ ਖਾਸ ਵਿਧੀ ਅਨੁਸਾਰ ਤਿਆਰ ਕੀਤੇ ਕੀਤੇ ਮਾਸ ਦੇ ਖਾਣ ਨੂੰ ਧਰਮ ਵਿਚ ਸ਼ਮਾਲ ਕੀਤਾ ਹੋਇਆ ਹੈ । ਗੁਰਬਾਣੀ ਅਜਿਹੀ ਪਰਪੰਚ-ਲੀਲ੍ਹਾ ਰਚਣ ਪਰਪੰਚੀ ਮਨੱਖਾਂ ਦਾ ਬਣਾ ਕੇ ਪਾਜ ਉਘੇੜਦੀ ਹੈ :

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥**
**ਆਪਸ ਕਉ ਮੁਨਿਵਰ ਕਹਿ ਥਾਪਹੁ ਕਾ ਕਉ ਕਹਹੁ ਕਮਾਈ ॥** (੧੧੦੦੩)

ਹੋਰ ਤਾਂ ਕੋਈ ਮੁਕਰ ਜਾਏ, ਪਰ ਗੁਰੁ ਕੇ ਨਾਮ ਲੇਵਾ ਸਿਖ, ਇਸ ਫੁਰਮਾਨ ਦੇ ਉਨ੍ਹਾਂ' ਤੇ ਕਿਸ ਤਰ੍ਹਾਂ ਮੁਕਰ ਸਕਦੇ ਹਨ ? ਅਰਥ ਸਪੱਸ਼ਟ ਹਨ :

ਹੇ ਗੁਰੁ ਕੇ ਸਿਖੋ ! ਜੀਵਾਂ ਨੂੰ ਮਾਰਦੇ ਹੋ ਤੇ ਇਸ (ਕੁਕਰਮ ਨੂੰ) ਧਰਮ (ਰਹਿਤ) ਕਰਕੇ ਮੰਨਦੇ ਤੇ ਪਰਚਣਰਦੇ ਹੋ, ਤਾਂ ਅਧਰਮ (ਕੁਰਹਿਤ) ਕਿਹੜੀ ਬਲਾ ਦਾ ਨਾਮ ਹੈ ?

ਜੇ (ਜੀਵਾਂ ਤੇ ਜੋਰ-ਜੁਲਮ ਕਰ ਕੇ ਪ੍ਰਾਪਤ ਕੀਤਾ ਹੋਇਆ, ਮਾਸ ਵਰਗਾ ਨਿੰਦਤ ਪਦਾਰਥ ਖਾ ਕੇ ਫਿਰ ਵੀ) ਆਪਣੇ ਆਪ ਨੂੰ ਸ੍ਰੇਸ਼ਟ ਪੁਰਸ਼ (ਸੰਤ-ਖਾਲਸਾ) ਸਮਝਦੇ ਹੋ ਤਾਂ ਫਿਰ ਕਮਾਈ ਕੌਣ ਹੋਇਆ ?

ਝਟਕਈ, ਕਮਾਈ ਅਤੇ ਬੁੱਚੜ ਇਕੋ ਵਿਅਕਤੀ ਦੇ ਪ੍ਰਤੀਕ ਸ਼ਬਦ ਹਨ, ਜੋ ਜੀਵਾਂ ਨੂੰ ਕੱਟਣ-ਵੱਢਣ ਦੀ ਕਿਰਿਆ ਕਰਦਾ ਹੈ, ਭਾਵੇਂ ਉਹ ਕਿਸੇ ਮਤ ਦਾ ਹੋਵੇ । ਇਹ ਕੋਈ ਆਦਰ-ਨੀਯ ਸ਼ਬਦ ਨਹੀਂ, ਪਰ ਜਾਨਵਰਾਂ ਨੂੰ ਕੱਟਣ ਵਾਲੇ ਵਿਅਕਤੀ ਇਸ ਘਿਰਣਤ ਸ਼੍ਰੇਣੀ ਵਿਚੋਂ ਨਿਕਲ ਨਹੀਂ ਸਕਦੇ ।

ਕਿੰਨਾ ਅੰਨ੍ਹੇਰ ਹੈ ਜਿਸ ਖਾਲਸੇ ਦੀ ਸਿਰਜਨਾ ਜੋਰ-ਜੁਲਮ ਦਾ ਨਾਸ਼ ਕਰਨ ਲਈ ਕੀਤੀ ਗਈ ਹੋਵੇ, ਉਹ ਖਾਲਸਾ ਜੀਵਾਂ ਪ੍ਰਤੀ ਆਪ ਜਾਲਮ ਬਣ ਬੈਠੇ ! ਧੱਕਾ ਕਰਨ ਵਾਲਾ ਵਿਅਕਤੀ ਆਪਣੀ ਵਧੀਕੀ ਕਦੀ ਮੰਨਿਆ ਕਰਦਾ ਹੈ ? ਬਿਲਕੁਲ ਨਹੀਂ । ਔਰੰਗਜੇਬ ਮੰਨਿਆ-ਪ੍ਰਮੰਨਿਆ ਜਾਲਮ ਸੀ, ਪਰ ਉਹ ਇਸਲਾਮ ਦੀ ਸੇਵਾ ਦਾ ਬੁਰਕਾ ਪਾ ਕੇ ਸਦਾ ਹੀ ਆਪਣੇ ਜੁਲਮ ਨੂੰ ਲੁਕਾਉਣ ਦਾ ਯਤਨ ਕਰਦਾ ਰਿਹਾ । ਚਲਾਕ ਬੰਦੇ ਆਪਣੀਆਂ ਕਮਜੋਰ ਲਕਾਉਣ ਲਈ ਸਦਾ ਧਰਮ ਦੀ ਆੜ ਲੈਂਦੇ ਹਨ । ਇਸ ਆੜ ਲੈਣ ਦੇ ਬਾਵਜੂਦ ਕਿਸੇ ਦੇ ਕੁਕਰਮ ਤਾਂ ਜਿਆਦਾ ਦੇਰ ਤਕ ਲੁਕੇ ਨਹੀਂ ਰਹਿ ਸਕਦੇ, ਧਰਮ ਦੀ ਆੜ ਵਿਚ ਕੀਤੇ ਗਏ ਕੁਕਰਮਾਂ ਕਾਰਨ ਧਰਮ ਜਰੂਰ ਬਦਨਾਮ ਹੋ ਜਾਂਦਾ ਹੈ ।

ਜੀਵ-ਹੱਤਿਆ ਨੂੰ ਧਰਮ ਦਾ ਅੰਗ ਦੱਸ ਕੇ, ਭਾਵ ਖਾਲਸਾ ਰਹਿਤ ਵਿਚ ਸ਼ਮਾਲ ਦੱਸ ਕੇ ਚਸਕੋਰੇ ਭਰਾ , ਕੀ ਇੰਜ ਕਰ ਕੇ ਸਿੱਖ ਧਰਮ ਨੂੰ ਬਦਨਾਮ ਨਹੀਂ ਕਰ ਰਹੇ ?

ਦਇਆ ਦੈਵੀ-ਗੋਣਾਂ ਦਾ ਸਿਰਮੌਰ ਗੁਣ ਹੈ । ਇਸ ਨੂੰ ਧਰਮ ਦਾ ਮੁੱਢ ਮੰਨਿਆ ਜਾਂਦਾ ਹੈ । ਦਇਆਵਾਨ ਮਨੁੱਖ ਦੀ ਸ਼ਖਸੀਅਤ ਪ੍ਰਭਾਵਸ਼ਾਲੀ ਅਤੇ ਮਿੱਠੀ ਹੂੰਦੀ ਹੈ । ਦਇਆਵਾਨ ਮਨੁੱਖ ਦੀ ਸ਼ਖਸੀਅਤ ਪ੍ਰਭਾਵਸ਼ਾਲੀ ਅਤੇ ਮਿੱਠੀ ਹੂੰਦੀ ਹੈ ਅਤੇ ਦੂਜਿਆਂ ਨਾਲ ਵਤੀਰਾ ਸੁਖਵਾਂ ਤੇ ਸੁਖਦਾਈ ਹੂੰਦਾ ਹੈ । ਇਸ ਦੇ ਉਲਟ ਨਿਰਦਈ ਪੁਰਸ਼ ਖਰ੍ਹਵਾ ਤੇ ਦੁਖਦਾਈ ਹੂੰਦਾ ਹੈ ।

ਗੁਰਬਾਣੀ ਵਿਚ ਦਇਆ ਦੀ ਬੜੀ ਮਹੱਤਤਾ ਅਤੇ ਸਲਾਹੁਤਾ ਹੈ, ਟੂਕ ਮਾਤ੍ਰ ਪ੍ਰਮਾਣ ਪੁਸ਼ਟੀ ਵਜੋਂ ਹੇਠਾਂ ਦਿਤੇ ਜਾਂਦੇ ਹਨ :

**ਧੌਲੁ ਧਰਮੁ ਦਇਆ ਕਾ ਪੂਤੁ ॥**

{ *ਅਰਥ :* 'ਧਰਮ', ਜਿਸ ਨੇ ਧਰਤੀ ਥੰਮ੍ਹੀ ਹੋਈ ਹੈ, ਦਇਆ ਦਾ ਪੁੱਤਰ ਹੈ । }

**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥**

*(ਬਾਰਹਮਾਹ ਮਾਂਝ ਮ: ੫, ਪੰਨਾ ੧੩੬)*

{ *ਅਰਥ :* ਜੀਵਾਂ ਉਪਰ ਦਇਆ ਕਰਨੀ ਮਾਨੋ ਅਠਾਹਠ ਤਰਿਥਾਂ' ਤੇ ਇਸ਼ਨਾਨ
ਕਰਨ ਤੁਲ ਹੈ, ਜੀਅ ਦਇਆ ਦੁਆਰਾ ਹੀ ਮਨੱਖ ਕਬੂਲ ਪੈਂਦਾ ਹੈ । }

**ਮਨਿ ਸੰਤੋਖ ਸਰਬ ਜੀਅ ਦਇਆ ॥**
**ਇਨ ਬਿਧਿ ਬਰਤੁ ਸੰਪੂਰਣ ਭਇਆ ॥** (੨੯੯)

{ *ਅਰਥ :* ਜੀਵਨ ਵਿਚ ਸਤ, ਸੰਤੋਖ ਅਤੇ ਦਇਆ ਧਾਰਨ ਕਰਨੀ ਹੀ ਸੱਚਾ ਤੇ ਸ੍ਰੇਸ਼ਟ ਵਰਤ ਹੈ । }
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥੪੦॥

*(ਸਹਸਕ੍ਰਿਤੀ ਮ: ੫, ਪੰਨਾ ੧੩੫੭)*

{ *ਅਰਥ :* ਸਤ ਪੁਰਸ਼ਾਂ ਦੇ ਲਛਣਾਂ ਵਿਚੋਂ ਸ੍ਰੇਸ਼ਟ ਲਛਣ ਇਹ ਹੈ ਕਿ ਉਹ ਸਾਰਿਆਂ ਜੀਵਾਂ ਪ੍ਰਤੀ ਦਇਆ ਦੇ ਧਾਰਨੀ ਹੂੰਦੇ ਹਨ ਅਤੇ ਪੰਜ ਦੋਖ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ) ਸਦਾ ਵਰਜੀ ਰਖਦੇ ਹਨ । }

**ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥** (੪੮੦)

{ ਅਰਥ : ਸਾਰੇ ਜੀਵਾਂ ਵਿਚ ਖਸਮ ਵੱਸਦਾ ਜਾਣ ਅਤੇ ਓਹਨਾਂ ਉਤੇ ਤਰਸ ਕਰ ਅਤੇ ਖੁਦਗਰਜੀ ਅਤੇ ਹੰਕਾਰ ਨੂੰ ਜੀਵਨ ਵਿਚ ਬੇਸੁਆਦਾ ਸਮਝ (ਕੇ ਤਿਆਗ ਦੇਹ ) । }

ਉਪਰੋਕਤ ਗੁਰ-ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ 'ਜੀਅ-ਦਇਆ' ਗੁਰਮਤਿ ਦਾ ਪ੍ਰਵਾਣਿਤ, ਪ੍ਰਮੁਖ ਤੇ ਮੁਢਲਾ ਸਿਧਾਂਤ ਹੈ । ਫਿਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਮਾਸ-ਅਹਾਰੀ ਸਿੱਖਾਂ ਨੂੰ ਇਸ ਸਿਧਾਂਤ ਦੇ ਮੰਨਣ ਤੇ ਅਪਣਾਉਣ ਤੋਂ ਛੋਟ ਮਿਲੀ ਹੋਈ ਹੈ ? ਜੇ ਹੇ ਤਾਂ ਕਿਥੇ ? ਪਰ ਜੇ ਜੀਅ-ਦਇਆ ਦਾ ਸਿਧਾਂਤ ਸਭ ਉਤੇ ਲਾਗੂ ਹੈ ਤਾਂ ਕੀ ਜੋਰ-ਜੁਲਮ ਵਰਤ ਕੇ ਪ੍ਰਾਪਤ ਕੀਤਾ ਮਾਸ ਖਾਣ ਨਾਲ, ਇਸ ਸਿਧਾਂਤ ਦੀ ਉਲੰਘਣਾ ਨਹੀਂ ਹੁਮਦਿ ?

ਨਿਰਸੰਦੇਹ 'ਜੀਅ-ਦਇਆ' ਅਤੇ 'ਜੀਵ-ਹੱਤਿਆ' ਪਰਸਪਰ ਵਿਰੋਧੀ ਵਿਚਾਰ-ਧਾਰਾ ਹਨ । ਪਹਿਲੀ ਵਿਚਾਰ-ਧਾਰਾ ਦੀ ਸਿਖ ਧਰਮ ਅੰਦਰ ਸ਼ਲਾਘਾ ਹੈ ਅਤੇ ਦੂਜੀ ਦੀ ਨਿਖੇਧੀ ।

ਫਿਰ ਗੁਰੁ ਕੇ ਨਾਮ-ਲੇਵਾ ਸਿਖ ਜੀਵ-ਹੱਤਿਆ ਕਮਾ ਕੇ ਕਿਉਂ ਗੁਰਮਤਿ ਦੀ ਰਹੁ-ਰੀਤੀ ਨੂੰ ਭੰਗ ਕਰਦੇ ਹਨ ?

ਕੁਦਰਤੀ ਸਵਾਲ ਹੈ ਕਿ ਕੀ ਜੀਵ-ਦਇਆ ਦਾ ਘੇਰਾ ਕੇਵਲ ਮਨੁੱਖ ਸ਼੍ਰੇਣੀ ਉਤੇ ਦਇਆ ਕਰਨ ਤਕ ਹੀ ਸੀਮਤ ਹੈ ? ਕੀ ਬਾਕੀ ਜੀਵ-ਜੰਤੁਆਂ ਵਿਚ ਵਾਹਿਗੁਰੂ ਦੀ ਜੋਤਿ ਨਹੀਂ ? ਕੀ ਉਹਨਾਂ ਵਿਚ ਦੁਖ-ਸੁਖ ਮਹਿਸੂਸ ਕਰਨ ਦੇ ਜਜਬੇ ਨਹੀਂ ?

ਇਸ ਸਚਾਈ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਬਾਕੀ ਦੇ ਜੀਵ-ਜੰਤੂ ਵੀ ਮਨੁੱਖ ਵਾਂਗੁ ਪੰਜ ਤੱਤਾਂ ਦੇ ਬਣੇ ਹੋਏ ਹਨ ਅਤੇ ਉਹਨਾਂ ਅੰਦਰ ਵੀ ਦੁਖ ਵਿਚ ਗਮੀ ਅਤੇ ਸੁਖ ਵਿਚ ਖੁਸ਼ੀ ਦੇ ਜਜਬੇ ਮਨੁੱਖ ਵਾਂਗ ਹੀ ਉਤਪਨ ਹੁੰਦੇ ਹਨ । ਪਸ਼ੂ-ਪੰਛੀਆਂ ਨੂੰ ਵੀ ਆਪਣੀ ਜਾਨ ਮਨੁੱਖ ਵਾਂਗੂੰ ਹੀ ਪਿਆਰੀ ਹੈ ਤੇ ਉਹਨਾਂ ਨੂੰ ਵੀ ਆਪਣੇ ਬਾਲ-ਬੱਚੇ ਓਵੇਂ ਹੀ ਪਿਆਰੇ ਹਨ ਜਿਵੇਂ ਸਾਨੂੰ । ਫਿਰ ਗੁਰਬਾਣੀ ਨੂੰ ਗੁਰੁ ਮੰਨਣ ਵਾਲਾ ਗੁਰਸਿੱਖ, ਜੀਭ ਦੇ ਸੁਆਦ ਲਈ ਕਿਉਂ ਜੀਵਾਂ ਦੀ ਜਾਵ' ਤੇ ਖੇਡਦਾ ਅਤੇ ਗੁਰਬਾਣੀ ਦੇ 'ਜੀਅ-ਦਇਆ' ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ ?

ਗੁਰਬਾਣੀ 'ਦਯਾਲੰ ਸਰਬਤ੍ਰ ਜੀਆਂ, ਦਾ ਪਾਵਨ ਉਪਦੇਸ਼ ਦ੍ਰਿੜ੍ਹ ਕਰਾਓਂਦੀ ਹੈ, ਕਿਉਂਕਿ ਸਾਰਿਆ ਜੀਵਾਂ ਵਿਚ, ਰਮਈਏ ਪ੍ਰਭੂ ਦੀ ਜੋਤਿ ਜਲਵਾ-ਗਰ ਹੈ ।

ਪ੍ਰਭ ਦੇ ਸਰਬ-ਨਿਵਾਸੀ ਹੇਣ ਦੀ ਸਚਾਈ ਬੇਦ ਅਤੇ ਕਤੇਬ ਆਪਣੇ

ਆਤਣੇ ਅਨੁਆਈਆਂ ਪ੍ਰਤੀ ਉਜਾਗਰ ਕਰਦੇ ਹਨ । ਪਰ ਖੁਦਗਰਜੀ ਅਤੇ ਚਸਕੇ ਅਧੀਨ ਅੰਨ੍ਹਾ ਹੋਇਆ ਮਨੁੱਖ ਧਰਮ-ਪੁਸਤਕਾਂ ਦੁਆਰਾ ਪਰਚਾਰੇ ਗਏ 'ਘਟਿ ਘਟਿ ਵਾਸੀ ਸਰਬ ਨਿਵਾਸੀ' ਦੇ ਸਿਧਾਂਤ ਨੂੰ ਅੱਖੋਂ ਓਹਲੇ ਕਰ ਕੇ ਜੀਵਾਂ ਦਾ ਖੂਨ ਕਰਦਾ ਹੈ । ਇਸ ਵਿਚ ਧਾਰਮਿਕ ਪੁਸਤਕਾਂ ਦਾ ਕੀ ਦੋਸ਼ ! ਇਹ ਮੋਮੋ-ਠਗਣਾ ਮੋਮਨ ਮਨੁੱਖ ਜੀਵਾਂ ਨੂੰ ਸੰਘਾਰਨ ਦੀ ਝੱਖ ਤਾਂ ਮਾਰਦਾ ਹੈ ਆਪਣੇ ਚਸਕੇ ਲਈ, ਜਾਂ ਵਿਸ਼ੇ ਭੋਗਾਂ ਵਿਚ ਨਿਸ਼ੰਗ ਹੋ ਕੇ ਪਰਵਿਣਤ ਹੋਣ ਕਾਰਨ ਖੀਣ ਹੋਈ ਸਰੀਰਕ ਸਤਿਆ ਨੂੰ ਜੀਵਾਂ ਦੀ ਸਤਿਆ ਲੁਟ ਕੇ ਪੂਰੀ ਕਰਨ ਹਿਤ, ਪਰ ਆਪਣੀ ਮੰਦ-ਕਰਨੀ ਨੂੰ 'ਹਲਾਲ' ਦੇ ਪੜਦੇ ਥਲੇ ਲੁਕਾਉਣ ਦਾ ਯਤਨ ਕਰਦਾ ਹੈ । ਗੁਰਬਾਣੀ ਅਜਿਹੇ ਪਰਪੰਚੀ ਮਨੁੱਖ ਦਾ ਪਾਜ ਖੂਬ ਉਘੇੜਦੀ ਹੈ :

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ,
ਤਉ ਕਿਉ ਮੁਰਗੀ ਮਾਰੈ ॥੧॥
ਮੁਲਾਂ ਕਹਹੁ ਨਿਆਉ ਖੁਦਾਈ ॥
ਤੇਰੇ ਮਨ ਕਾ ਭਰਮੁ ਨ ਜਾਈ ॥੧॥ਰਹਾਉ॥
ਪਕਰਿ ਜੀਉ ਆਨਿਆ ਦੇਹ ਬਿਨਾਸੀ
ਮਾਟੀ ਕਉ ਬਿਸਮਿਲ ਕੀਆ ॥
ਜੋਤਿ ਸਰੂਪਿ ਅਨਾਹਤਿ ਲਾਗੀ
ਕਹੁ ਹਲਾਲੁ ਕਿਆ ਕੀਆ ॥੨॥
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ
ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ,
ਕਿਆ ਹਜ ਕਾਬੇ ਜਾਇਆ ॥੩॥
ਤੂੰ ਨਾਪਾਕੁ ਪਾਕੁ ਨਹੀ ਸੂਝਿਆ
ਤਿਸ ਕਾ ਮਰਮੁ ਨ ਜਾਨਿਆ ॥
ਕਹਿ ਕਬੀਰ ਭਿਸਤਿ ਤੇ ਚੂਕਾ,
ਦੋਜਕ ਸਿਉ ਮਨੁ ਮਾਨਿਆ ॥੪॥੪॥ (੧੩੫੦)

ਉਪਰੋਕਤ ਸ਼ਬਦ ਰਾਹੀਂ ਗੁਰਬਾਣੀ ਦਾ, ਮਾਸ ਖਾਣ ਵਾਲੇ ਵਿਅਕਤੀ ਪ੍ਰਤੀ ਸਿੱਧਾ ਸਆਲ ਹੈ :

੧. ਸੂਹੀ ਛੰਤ ਮ: ੫, ਪੰਨਾ ੭੮੪

(ੳ) ਜੇ ਸਾਰਿਆਂ ਵਿਚ ਖੁਦਾ ਦੀ ਹਸਤੀ ਮੰਨਦਾ ਹੈ ਤਾਂ ਫਿਰ ਮੁਰਗੀ ਅਥਵਾ ਹੋਰ ਕੀਵ ਕਿਉਂ ਮਾਰਦਾ ਹੈ ?

(ਅ) ਜੀਵਾਂ ਦੇ ਮਿੱਟੀ ਦੇ ਸਰੀਰ ਨੂੰ ਸੰਘਾਰ ਕੇ ਹਲਾਲ ਕਿਹੜੀ ਚੀਜ ਕੀਤੀ ਹੈ ?

(ੲ) ਕਦ ਤੇਰੇ ਦਿਲ ਵਿਚ ਕਪਟ ਹੈ (ਚਸਕੇ-ਅਧੀਨ ਮਾਸ ਖਾ ਕੇ ਫਿਰ ਆਪਣੀ ਮੰਦ ਕਿਰਿਆ ਨੂੰ ਧਰਮ ਦੀ ਆੜ ਵਿਚ ਲੁਕਾਉਣ ਦਾ) ਤਾਂ ਫਿਰ ਨਮਾਜ ਪੜ੍ਹਨ ਦਾ ਕੀ ਲਾਭ ?

ਇਨ੍ਹਾਂ ਸੁਆਲਾਂ ਦਾ ਮਾਸ ਖਾਣ ਵਾਲਿਆਂ ਪਾਸ ਕੀ ਉੱਤਰ ਹੈ ? ਉਪਰੋਕਤ ਸ਼ਬਦ ਦੇ ਅੰਤ ਵਿਚ ਫਿਰ ਅਜਿਹੇ ਵਿਅਕਤੀਆਂ ਦੀ ਗਿਆਨ-ਹੀਣ ਹਾਲਤ' ਤੇ ਤਰਸ ਖਾ ਕੇ ਸਮਝਾਇਆ ਹੈ :

"ਹੇ ਅਸ਼ਰਫੁਲ ਮਖਲੂਕਾਤ (ਧਰਤੀ ਦੇ ਸਰਦਾਰ) ਬੰਦੇ ! ਆਪਣੇ ਉੱਚੇ ਸੁੱਚੇ ਜੀਵਨ-ਨਿਸ਼ਾਨੇ ਤੋਂ ਖੁੰਝ ਕੇ ਤੂੰ ਲੁਟ-ਘਸੁਟ ਤੇ ਜੋਰ-ਜੁਲਮ ਦਾ ਗਲਤ ਰਾਹ ਅਪਣਾਇਆ ਹੋਇਆ ਹੈ । ਭਲਿਆ ਲੋਕਾ ! ਪਵਿਤਰਤਾ ਦੇ ਸੋਮੇ ਆਪਣੇ ਕਰਤੇ ਪੁਰਖ ਨਾਲ ਤੂੰ ਸਾਂਝ ਨਹੀਂ ਪਾਈ, ਸਗੋਂ ਮਲੇਛਾਂ ਵਾਲੇ ਕਰਮ ਇਖਤਿਆਰ ਕਰ ਕੇ ਤੂੰ ਮਲੇਛ ਬਣ ਗਿਆ ਹੈ ਤੇ ਇਸ ਤਰ੍ਹਾਂ ਬਹਿਸ਼ਤ ਨੂੰ ਛਡ ਕੇ ਤੂੰ ਦੋਜਕ ਦਾ ਰਾਹ ਅਪਣਾਇਆ ਹੋਇਆ ਹੈ । ਇਹ ਕਿਉਂ ?"

ਮਾਸ ਦੇ ਚਸਕੋਰੇ ਵੀਰਾਂ ਵਲੋਂ ਝਟਕੇ ਅਤੇ ਕੁੱਠ (ਹਲਾਲ) ਸੰਬੰਧੀ ਘੜਿਆ ਢਕੌਂਸਲਾ ਵੀ ਅਜੀਬ ਹੈ । ਇਕੋ ਜਾਨਵਰ ਜੇ 'ਕਲਮ' ਪੜ੍ਹ ਕੇ ਮਾਰਿਆ ਜਾਏ ਤਾਂ ਹਲਾਲ (ਕੁੱਠਾ) ਬਣ ਜਾਂਦਾ ਹੈ ਅਤੇ ਜੇ 'ਸਤਿ ਸ੍ਰੀ ਅਕਾਲ' ਬੋਲ ਕੇ ਮਾਰਿਆ ਜਾਏ ਤਾਂ ਝਟਕਾ ਬਣ ਜਾਂਦਾ ਹੈ । ਅਜੀਬ ਗੱਲ ਹੈ ਕਿ ਓਹੋ ਮਾਸ ਜੋ ਮੁਸਲਮਾਨਾ ਲਈ ਹਲਾਲ ਅਥਵਾ ਖਾਣ ਯੋਗ ਹੈ ਉਹ ਸਿੱਖਾਂ ਲਈ ਕੁੱਠਾ ਅਥਵਾ ਅਖਾਵਾ ਹੈ, ਅਤੇ ਜੋ ਸਿੱਖਾਂ ਲਈ ਝਟਕਾ ਅਥਵਾ ਖਾਣ ਯੋਗ ਹੈ ਉਹ ਮੁਸਲਮਾਨਾਂ ਲਈ ਹਰਾਮ ਹੈ । ਇਸ ਦਾ ਮਤਲਬ ਇਹ ਹੋਇਆ ਕਿ ਨਿੰਦਰ ਵਸਤੂ ਮਾਸ ਨਹੀਂ, ਸਗੋਂ ਸਿਖ ਲਈ 'ਕਲਾਮ' ਨਿੰਦਤ ਹੈ ਅਤੇ ਮੁਸਲਮਾਨਾ ਲਈ 'ਸਤਿ ਸ੍ਰੀ ਅਕਾਲ' ।

ਪਰ ਕੇ 'ਕਲਮਾ' ਅਤੇ 'ਸਤਿ ਸ੍ਰੀ ਅਕਾਲ' ਦੋਵੇਂ ਵੱਖਰੀ ਵੱਖਰੀ ਬੋਲੀ ਵਿਚ ਰੱਬੀ ਕਲਾਮ ਹਨ ਤਾਂ ਕਿਉਂ ਇਕ ਧਿਰ ਕਲਮੇ ਤੋਂ ਨਫਰਤ ਕਰਦੀ ਹੈ ਤੇ ਦੂਜੀ 'ਸਤਿ ਸ੍ਰੀ ਅਕਾਲ' ਤੋਂ ? ਅਸਲ ਵਿਚ ਨਾ ਤਾਂ 'ਕਲਮਾ' ਘਿਰਣਤ ਹੈ ਅਤੇ ਨਾ ਹੀ 'ਸਤਿ ਸ੍ਰੀ ਅਕਾਲ' । ਜੇ ਕੁਝ ਘਿਰਣਤ ਅਤੇ ਨਿੰਦਤ ਹੈ ਤਾਂ ਉਹ ਹੈ ਮਾਸ-ਖੋਰੇ ਭਰਾਵਾਂ ਦੀ ਜੀਵਾਂ ਦੇ ਸੰਘਾਰ ਦੀ ਕਿਰਿਆ, ਜਿਸ ਦੇ ਪਿਛੇ

ਜੀਭ ਦੇ ਸੁਆਦ ਲਈ ਦੂਜਿਆਂ ਦੇ ਖੂਨ ਕਰਨ ਦੀ ਸੁਆਰਥੀ ਭਾਵਨਾ ਲੁਕੀ ਹੋਈ ਹੁੰਦੀ ਹੈ । ਅੰਦਰਲੀ ਮੰਦੀ ਭਾਵਨਾ ਅਤੇ ਮੰਦੀ ਭਾਵਨਾ ਅਧੀਨ ਕੀਤੇ ਮੰਦੇ ਕਰਮ, ਬਾਹਰੋਂ ਮੂੰਹ ਤੋਂ 'ਕਲਮਾ' ਪੜ੍ਹਨ ਜਾਂ 'ਸਤਿ ਸ੍ਰੀ ਅਕਾਲ' ਉਚਾਰੇ ਜਾਣ ਨਾਲ ਕਿਵੇਂ ਸੁਧ ਹੋਏ ਮੰਨੇ ਜਾ ਸਕਦੇ ਹਨ ? ਲੇਖਾ ਤਾਂ ਅੰਦਰਲੀ ਭਾਵਨਾ ਦੇ ਅਧਾਰ' ਤੇ ਲਿਖਿਆ ਜਾਣਾ ਹੈ । ਗੁਰਬਾਣੀ ਦਾ ਨਿਰਣਾ ਹੈ :

**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥**

*(ਸੂਹੀ ਮ: ੪, ਪੰਨਾ ੭੩੨)*

**ਭੇਦੁ ਪੜੈ ਮੁਖਿ ਮੀਠੀ ਬਾਣੀ ॥**
**ਜੀਆ ਕੁਹਤ ਨ ਸੰਗੈ ਪਰਾਣੀ ॥੩॥੧੦੭॥** *(ਗਉੜੀ ਮ: ੫, ਪੰਨਾ ੨੦੧)*

ਨਿਜੀ ਸੁਆਰਥ ਲਈ ਦੂਜਿਆਂ ਜੀਵਾਂ ਦਾ ਖੂਨ ਡੋਲ੍ਹਣਾ ਮੰਦਾ ਕਰਮ ਅਤੇ ਵਿਕਾਰ ਹੈ । ਜੋਰ-ਜੁਲਮ ਦਾ ਵਿਕਾਰੀ ਹੋਇਆ ਚਿਤ ਨਿਰਮਲ ਕਿਵੇਂ ਹੋ ਸਕਦਾ ਹੈ ? ਫਿਰ ਚਿਤ ਨਿਰਮਲ ਹੋਏ ਬਗੈਰ ਨਾਮ ਕਿਵੇਂ ਜਪਿਆ ਜਾ ਸਕਦਾ ਹੈ ? ਤਦੇ ਹੀ ਗੁਰਬਾਣੀ ਦਾ ਫੁਰਮਾਨ ਹੈ :

**ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥**

*(ਸਲੋਕ ਮ: ੧, ਪੰਨਾ ੧੪੦)*

ਜਪ ਤਪ ਸੰਜਮ ਆਦਿ ਕਰਮ-ਧਰਮ ਚਿਤ ਨੂੰ ਨਿਰਮਲ ਕਰਨ ਦੇ ਉਪਰਾਲੇ ਵਜੋਂ ਹੀ ਕੀਤੇ ਜਾਂਦੇ ਹਨ । ਪਰ ਜੇ ਮਨ ਵਿਚ ਕਪਟ ਟਿਕਿਆ ਰਵ੍ਹੇ ਅਤੇ ਇਸ ਕਪਟ ਦੇ ਅਧੀਨ ਮਨੁੱਖ ਮੰਦੇ ਕਰਮਾ ਵਿਚ ਪਰਵਿਰਤ ਰਵ੍ਹੇ ਤਾਂ ਫਿਰ ਉਸ ਕਪਟ ਦੇ ਅਧੀਨ ਮਨੁੱਖ ਮੰਦੇ ਕਰਮਾਂ ਵਿਚ ਪਰਚਿਰਤ ਰਵ੍ਹੇ ਤਾਂ ਫਿਰ ਉਸ ਦੇ ਧਾਰਮਿਕ ਕਰਮ ਤਾਂ ਇਕ ਦਿਖਾਵਾ, ਫਰੇਬ ਅਤੇ ਪਰਪੰਚ ਬਣ ਕੇ ਰਹਿ ਜਾਂਦੇ ਹਨ, ਅਤੇ ਅਜਿਹੇ ਮਨੁੱਖ ਦੀ ਦਸ਼ਾ ਹਾਸੋਹੀਣੀ ਹੋ ਜਾਂਦੀ ਹੈ। ਕਬੀਰ ਜੀ ਅਜਿਹੇ ਦਿਖਾਵੇ ਦੇ ਪਖੰਡੀ ਜੀਵਨ ਉਤੇ ਬੜਾ ਕਰੜਾ ਕਟਾਖ ਕਰਦੇ ਹਨ :

**ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ,**
**ਕਿਆ ਹਜ ਕਾਬੇ ਜਾਇਆ ॥੩॥ (੧੩੫੦)**

ਤਾਂ ਹੀ ਗੁਰ-ਉਪਦੇਸ਼ ਹੈ ਕਿ :

**ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ**
**ਨਿਹਕਪਟ ਕਮਾਵਹੁ ਹਰਿ ਕੀ ਹਰਿ ਕੀ ਹਰਿ ਘਾਲ ॥** (੯੭੮)

ਮਨੁੱਖੀ ਫਿਤਰਤ ਹੈ ਕਿ ਪਾਪ ਨੂੰ ਲੁਕਾਉਣ ਲਈ ਮਨੁੱਖ ਕਪਟ ਦਾ ਸਹਾਰਾ ਲੈਂਦਾ ਹੈ । ਪਰ ਜੇ ਕੋਈ ਮਨੁੱਖ ਪਾਪ ਲੁਕਾਉਣ ਦਾ ਕਪਟ ਨਾ ਵੀ ਕਰੇ ਤਾਂ ਵੀ ਪਾਪ ਦਾ ਮਨ ਵਿਚ ਹੋਣਾ ਹੀ ਮਨ ਮਲੀਲ ਕਰੀ ਰਖਦਾ ਹੈ । ਪਾਪ ਦੇ ਹੁੰਦਿਆਂ ਮਨ ਨਿਰਮਲ ਕਿਵੇਂ ਹੋ ਸਕਦਾ ਹੈ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥** (੧੪੦)

{ ਅਰਥ : ਜੇ ਖੁਨ ਦਾ ਦਾਗ ਮਨੁੱਖੀ ਪੁਸ਼ਾਕ ਨਾਲ ਲਗ ਜਾਏ ਤਾਂ ਪੁਸ਼ਾਕ ਅਪਵਿਤਰ ਸਮਝੀ ਜਾਂਦੀ ਹੈ । ਫਿਰ ਜਿਹੜੇ ਮਨੁੱਖ (ਜਾਨਵਰ ਨੂੰ ਮਾਰ ਕੇ ਉਨ੍ਹਾਂ ਦੇ ਮਾਸ ਦੇ ਰੂਪ ਵਿਚ) ਰਤ ਪੀਂਦੇ ਹਨ, ਉਹਨਾਂ ਦਾ ਹਿਰਦਾ ਕਿਵੇਂ ਪਵਿੱਤਰ ਰਹਿ ਸਕਦਾ ਹੈ ? }

ਅਰਥ ਕਰਨ ਲਈ ਇਸ ਤੁਕ ਦਾ ਅਨਵੈ ਹੈ-'ਜੋ ਮਾਣਸਾ ਰਤੁ ਪੀਵਹਿ' ਅਤੇ ਸ਼ਬਦ 'ਮਾਣਸਾ' ਦੇ ਉਚਾਰਣ ਵਿਚ ਇਸਦੇ ਅੰਤਲੇ ਕੰਨੇ ਦਾ ਬਿੰਦੇ ਸਹਿਤ ਉਚਾਰਣ ਕਰਨ ਦੀ ਲੋੜ ਨਹੀਂ । ਪਰ ਮਾਸ-ਆਹਾਰ ਦੇ ਪੱਖੀ ਸੱਜਣ 'ਮਾਣਸਾ' ਸ਼ਬਦ ਦੇ ਅੰਤਲੇ ਕੰਨੇ ਦਾ ਓਚਾਰਣ ਬਿੰਦੇ ਸਹਿਤ ਉਠਾਓਂਦੇ ਹਨ ਅਤੇ ਅਰਥ ਕਰਦੇ ਹਨ, "ਜਿਹੜੇ (ਵਿਅਕਤੀ) ਮਨੁੱਖਾਂ ਦੀ ਰਤ ਪੀਂਦੇ ਹਨ, ਭਾਵ ਮਨੁੱਖਾਂ' ਤੇ ਜੁਲਮ ਕਰਦੇ ਹਨ ।" ਇਹ ਖਿਚ-ਧੂਹ ਦੇ ਅਰਥ ਹਨ ਅਤੇ ਬੇਪਰਜੇ ਹਨ । ਦ੍ਰਿਸ਼ਟਾਂਤ ਸਪੱਸ਼ਟ ਹੈ, ਕੋਈ ਵਿੰਗ ਟੇਢ ਨਹੀਂ । ਕਪੜੇ ਨੂੰ ਰਤ ਲਗਿਆਂ ਕਪੜਾ ਅਪਵਿਤਰ, ਤੇ ਜਾਨਵਰਾਂ ਦੀ ਰਤ ਡੋਲ੍ਹ ਕੇ ਮਾਸ ਖਾਣ ਵਾਲਿਆ ਦਾ ਚਿਤ ਅਪਵਿਤਰ ।

ਮਾਸ ਖਾਣ ਦੇ ਪੱਖੀ ਸੱਜਣ ਉਪਰੋਕਤ ਤੁਕ ਦੇ ਗਲਤ ਅਰਥ ਕਰ ਕੇ ਕਿੰਨੀ ਬੇ-ਇਨਸਾਫੀ ਕਰਦੇ ਹਨ, ਆਪਣੇ ਆਪ ਨਾਲ ਅਤੇ ਭੋਲੀ ਭਾਲੀ ਸਿਖ ਜਨਤਾ ਨਾਲ । ਕੋਈ ਪੁਛੇ ਕਿ ਮਨੁੱਖ ਜਾਤੀ ਨਾਲ ਤਾਂ ਕੀਤੀ ਗਈ ਮਾੜੀ ਜਿਹੀ ਵਧੀਕੀ ਦਾ ਅਰਥ ਉਸ ਦੀ ਰਤ ਪੀਤੇ ਜਾਣਾ ਕੱਢਿਆ ਜਾਂਦਾ ਹੈ, ਪਰ ਮਨੁੱਖ ਹਥੋਂ ਵਿਚਾਰੇ ਜਾਨਵਰਾਂ ਦੀ (ਉਨ੍ਹਾਂ ਦੇ ਮਾਸ ਦੇ ਰੂਪ ਵਿਚ) ਸਗਵੀਂ ਰਤ ਪੀਤੇ ਜਾਣ ਨੂੰ ਵੀ ਨਕਰੋਂ ਓਹਲੇ ਕੀਤਾ ਕਾਂਦਾ ਹੈ । ਜਾਨਵਰਾਂ ਪ੍ਰਤੀ ਧੀਂਗਾ-ਜੋਰੀ ਮਨੁੱਖ ਆਪਣੀ ਬਣਾਈ ਹੋਈ ਮਨੁੱਖ-ਸੁਸਾਇਟੀ ਵਿਚ ਭਾਵੇਂ ਕਰੀ ਜਾਏ ਅਤੇ ਕਰਦਾ ਹੋਇਆ ਮੁਕਰੀ ਜਾਏ, ਪਰ ਪ੍ਰਭੂ ਦੀ ਸੱਚੀ ਦਰਗਾਹ ਵਿਚ ਸੱਚ ਹੀ ਸੱਚ ਨਿਬੜੇਗਾ ।

ਇਸ ਨੁਕਤੇ ਸੰਬੰਧੀ ਵਿਚਾਰ ਸਮਾਪਤ ਕਰਨ ਤੋਂ ਪਹਿਲਾਂ ਇਕ ਗੱਲ ਜੋਬ ੜੀ ਮਹੱਤਵਪੂਰਨ ਤੇ ਦਿਲਚਸਬ ਹੈ, ਉਸ ਦਾ ਵਰਣਨ ਕਰਨ ਤੋਂ ਬਗੈਰ ਗੱਲ ਅਧੂਰੀ ਰਵ੍ਹੇਗੀ । ਉਹ ਇਹ ਹੈ ਕਿ ਅੱਜ-ਕੱਲ੍ਹ ਦੇ ਬੁਚੜ-ਖਾਨਿਆਂ ਵਿਚ ਜਦੋਂ ਮਾਸ ਬਣਾਇਆ ਜਾਂਦਾ ਹੈ ਤਾਂ ਉਸ ਵੇਲੇ ਨਾ ਤਾਂ 'ਕਲਮਾ' ਪੜ੍ਹਿਆਂ ਜਾਂਦਾ ਹੈ ਅਤੇ ਨਾ ਹੀ 'ਸਤਿ ਸ੍ਰੀ ਅਕਾਲ' ਉਚਾਰਣ ਕੀਤਾ ਜਾਂਦਾ ਹੈ । ਬੁੱਚੜਾਂ ਨੂੰ ਜੋ ਗਾਲ੍ਹਾਂ-ਦੁਪੜਾਂ ਆਉਂਦੀਆਂ ਹਨ, ਉਹੋ ਫਕੜ ਤੋਲਦੇ ਹੋਏ ਜਾਂਨਵਰ ਵੱਢੀ ਜਾਂਦੇ ਹਨ । ਮਜੇ ਦੀ ਗੱਲ ਇਹ ਹੈ ਕਿ ਹਲਾਲ ਅਤੇ ਝਟਕੇ ਦਾ ਸੈ-ਕਲਪਤ ਵਿਕਾਰ ਛਿਕੇ' ਤੇ ਟੰਗ ਕੇ ਮਾਸ ਦੇ ਚਸਕੋਰੇ ਵੀਰ ਸਭ ਕੁਝ ਰਗੜੀ ਜਾਂਦੇ ਹਨ । ਸੋ ਹੋਰ ਖੁਲ੍ਹ ਹੋ ਗਈ ਅਤੇ ਝਟਕੇ ਹਲਾਲ ਦਾ ਫਸਤਾ ਵੀ ਵਢਿਆ ਗਿਆ । ਚਲੋ ਠੀਕ ਹੈ, ਇਹ ਅਗੇ ਵੀ ਤਾਂ ਇਕ ਢਕੌਂਸਲਾ ਹੀ ਸੀ ।

***ਦਲੀਲ ਨੰਬਰ ੩***

ਮਾਸ ਖਾਣ ਦੇ ਪੱਖੀ ਵੀਰ ਹੇਠ-ਲਿਖੇ ਇਤਿਹਾਸਕ ਹਵਾਲੇ ਆਪਣੇ ਪੱਖ ਦੀ ਸਿਧੀ ਲਈ ਪੇਸ਼ ਕੀਤਾ ਕਰਦੇ ਹਨ :

(ੳ) 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੈ ਕਿ ਸ੍ਰੀ ਗੁਰੁ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਿਆ ਜਾਂਦਾ ਰਿਹਾ ਹੈ ।

(ਅ) ਸ੍ਰੀ ਗੁਰੁ ਨਾਨਕ ਦੇਵ ਜੀ ਨੇ ਕੁਰਕੁਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਸਮੇ ਇਕ ਰਾਜਕੁਮਾਰ ਵਲੋਂ ਮਾਰ ਕੇ ਲਿਆਂਦੇ ਹਿਰਨ ਦਾ ਮਾਸ ਪਕਵਾਇਆ ਤੇ ਉਥੇ ਇਕੱਤਰ ਹੋਏ ਵੈਸ਼ਨਵੀ ਬ੍ਰਾਹਮਣਾਂ ਤੇ ਪਾਂਡਿਆਂ ਨਾਲ ਮਾਸ ਦੇ ਸੰਬੰਧ ਵਿਚ ਚਰਚਾ ਕੀਤੀ, ਜੋ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਦਰਜ ਹ ਨਾਲ ਮਾਸ ਦੇ ਸੰਬੰਧ ਵਿਚ ਚਰਚਾ ਕੀਤੀ, ਜੋ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਦਰਜ ਹੈ ।

(ੲ) ਗੁਰੁ ਮਹਾਰਾਜ ਸ਼ਿਕਾਰ ਖੇਡਦੇ ਰਹੇ । ਜੇ ਸਿਖ ਧਰਮ ਵਿਚ ਮਾਸ ਖਾਣ ਦੀ ਮਨਾਹੀ ਸੀ ਤਾਂ ਸ਼ਿਕਾਰ ਖੇਡਣ ਦੇ ਕੀ ਅਰਥ ?

***ਵਿਚਾਰ***

ਸਿਖ ਇਤਿਹਾਸ ਵਿਚ ਕੁਝ ਵਿਰੋਧੀਆਂ ਵਲੋਂ ਅਤੇ ਕੁਝ ਅਨਜਾਣ ਲਿਖਾਰੀਆਂ ਵਲੋਂ ਬਹੁਤ ਭੁਲੇਖੇ ਪਾਏ ਮਿਲਦੇ ਹਨ । ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ 'ਗੁਰਮਤਿ ਮਾਰਤੰਡ' ਦੀ ਭੂਮਿਕਾ ਵਿਚ ਕੁਝ ਅਜਿਹੇ

ਭੁਲੇਖਿਆਂ ਦੀਆਂ ਉਦਾਹਰਣਾਂ ਦਿਤੀਆਂ ਹਨ, ਜਿਨ੍ਹਾਂ ਨੂੰ ਹੂ-ਬ-ਹੂ ਹੇਠਾਂ ਦਿਤਾ ਜਾਂਦਾ ਹੈ :

> "ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥ-ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜਹਬੀ ਰੰਗਤ ਦੇ ਦਿਤੀ ਹੈ । ਬਿਨਾ ਛਾਣ-ਬੀਣ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤਿ ਤੋਂ ਦੂਰ ਲੈ ਜਾਣ ਵਾਲੇ ਹਨ ।......ਇਹ ਸੁਭਾਵਿਕ ਗੱਲ ਹੈ ।ਕ ਜਦ ਅਸੀਂ ਆਪਣੇ ਮੱਤ ਦੇ ਪੁਸਤਕਾਂ ਵਿਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੋਂਦਾ ਹੈ ਕਿ ਗੁਰਮਤਿ ਦਾ ਸੱਚਾ ਉਪਦੇਸ਼ਕ ਕਿਹੜਾ ਪੁਸਤਕ ਹੈ, ਪਰ ਜਦੋਂ ਅਸੀ ਵਿਚਾਰ-ਸ਼ਕਤੀ ਤੋਂ ਲੰਮ ਲੈਂਦਾ ਹਾਂ ਅਤੇ...... ਸਤਿਗੁਰਾਂ ਦੀ ਪ੍ਰੀਖਿਆ ਕਰ ਕੇ ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ ਵਚਨਾਂ ਦਾ ਤਯਾਗ ਅਤੇ ਅਨਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ ਤਾਂ ਸਾਰਿਆਂ ਕਠਨਾਈਆਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤਿ ਦਾ ਸਿਧੱਾ ਰਸਤਾ ਲੱਭ ਲੈਂਦੇ ਹਾਂ ।
>
> *{ਗੁਰਮਤਿ ਮਾਰਕੰਡ, ਪੰਨਾ ੳ, ਅ}*

ਅਜਿਹੀਆਂ ਵਿਰੋਧੀਆਂ ਲਿਖਤਾਂ ਦੀਆਂ ਉਦਾਹਰਣਾਂ ਹੇਠਾਂ ਦਿਤੀਆਂ ਜਾਂਦੀਆਂ ਹਨ :

(ੳ) ਛੇਵੀਂ ਪਾਤਸ਼ਾਹੀ ਦੇ 'ਗੁਰ ਵਿਲਾਸ' ਦੇ ਦੂਜੇ ਅਧਿਆਇ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੁ ਹਰਿ ਗੋਬਿੰਦ ਸਾਹਿਬ ਦੇ ਸੀਤਲਾ (ਚੇਚਕ) ਨਿਕਲੀ, ਤਦ ਦੁਰਗਾ ਪੂਜਨ ਇਸ ਤਰ੍ਹਾਂ ਕੀਤਾ ਗਿਆ :

**ਬ੍ਰਾਹਮਨ ਕੇ ਪਰਸਾਦ ਦੁਰਗਾ ਭਈ ਪ੍ਰਸੰਨ ॥**
**ਸਪਤ ਦਿਚਸ ਬੀਤਤ ਭਏ ਠੰਢੀ ਕਹਿ ਸੁਖ ਮੰਨ ॥**
**ਪੂਜਾ ਨਲੇਰ ਸੌਂ ਦਰਬ ਅਪਾਰਾ ॥**
**ਭੇਟ ਖਰੀ ਦੇਵੀ ਦਰਬਾਰਾ ॥**
**ਦੇਵੀ ਕੀ ਪਰਿਕ੍ਰਮਾ ਕੀਨੀ ॥**
**ਦੇਹੁਰੇ ਕੀ ਅਤਿਸੈ ਛਬਿ ਚੀਨੀ ॥ (੭੯)**

ਭਾਈ ਸੰਤੋਖ ਸਿੰਘ ਜੀ ਇਸੇ ਪ੍ਰਸੰਗ ਦੀ ਪੁਸ਼ਟੀ 'ਗੁਰੁ ਪ੍ਰਤਾਪ ਸੂਰਯ' ਦੀ ਰਾਸਿ ੩ ਦੇ ਅੰ: ੧੨ ਵਿਚਕਰਦੇ ਹਨ । ਪਰ ਸ੍ਰੀ ਗੁਰੂ ਅਰਜਨ ਦੇਵ ਜੀ ਸੀਤਲ ਦੇ ਸੰਬੰਦ ਵਿਚ ਕੁਝ ਹੋਰ ਲਿਖਦੇ ਹਨ :

**ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥**
**ਸੀਤਲ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥**

*(ਸੋਰਠਿ ਮ: ੫, ਪੰਨਾ ੬੨੭)*
*{ਗੁਰਮਤਿ ਮਾਰਤੰਡ, ਪੰਨਾ ਕ, ਖ, ਗ}*

(ਅ) 'ਸ੍ਰੀ ਨਾਨਕ ਪ੍ਰਕਾਸ਼' ਵਿਚ ਲੇਖ ਹੈ ਕਿ ਗੁਰੁ ਨਾਨਕ ਦੇਵ ਜੀ ਨੇ ਮਰੇ ਹੋਏ ਪਿੱਤਰਾਂ ਦਾ ਸ਼੍ਰਾਧ ਕੀਤਾ, ਤਾਂ ਇਹ ਵਾਕ ਮੰਨਣ ਜੋਗ ਨਹੀਂ, ਕਿਉਂਕਿ ਸ੍ਰੀ ਮੁਖ ਸ਼ਬਦ ਪਾਖੰਡ ਰੂਪ ਸ਼੍ਰਾਧ ਕਰਮ ਨੂੰ ਖੰਡਨ ਕਰਦੇ ਹਨ । ਯਥਾ :

**ਇਕ ਲੋਕੀ ਹੋਰ ਛਮਿਛਰੀ ਬ੍ਰਹਾਮਣੁ ਵਟਿ ਪਿੰਡੁ ਖਾਇ ॥**
**ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥**

*(ਆਸਾ ਮ: ੧, ਪੰਨਾ ੩੮੫)*

(ੲ) ਭਾਈ ਸੁਖਾ ਸਿੰਘ ਨੇ 'ਗੁਰ ਵਿਲਾਸ' ਦੇ ਦਸਵੇਂ ਅਧਿਆਏ ਵਿਚ ਦੱਤਾਂ ਨੰਦ ਉਜੈਨ ਨਿਵਾਸੀ ਬ੍ਰਾਹਮਣ ਰਾਹੀਂ ਦੁਰਗਾ ਦਾ ਪੂਜਨ ਦਸਮੇਸ਼ ਤੋ ਕਰਵਾਇਆ ਲਿਖਿਆ ਹੈ :

**ਯੌਂ ਸੁਨਿ ਗਦ ਗਦ ਭਯੋ ਕ੍ਰਿਪਾਲਾ ॥**
**ਸ੍ਰੀ ਮੁਖਿ ਸੌਂ ਕਹਿ ਬਚਨ ਬਿਸਾਲਾ ॥**
**ਮੈਯਾ ! ਇਹੈ ਕ੍ਰਿਪਾ ਅਬ ਕੀਜੈ ॥**
**ਖੜਗ ਪਾਨਿ ਦਾਹਨੁ ਮੁਹਿ ਦੀਜੈ ।੨੬੭॥**......
**ਏਵ ਮਸਤੁ ਕਹਿ ਮਾਤ ਭਾਵਨੀ ॥**
**ਵਰ ਦੈ ਭਈ ਲੋਪ ਜਗ ਰਾਨੀ ॥ (੨੭੧)**

'ਮਾਹਿਮਾ ਪ੍ਰਕਾਸ਼' ਦੀ ਪੱਚੀਸਵੀਂ ਸਾਖੀ ਵਿਚ ਵੀ ਇਉਂ ਹੀ ਲੇਖ ਹੈ :

**ਖਰਾ ਹੇਮ ਸਤਿਗੁਰੁ ਪੁਰਖ ਮਾਤਾ ਭਈ ਪ੍ਰਸੰਨ ॥**
**ਭਾ ਪ੍ਰਕਾਸ਼ ਮਾਤਾ ਪ੍ਰਗਟ ਧੰਨ ਮਾਤ ਜਗ ਧੰਨ ॥**

ਗੁਰੁ ਪ੍ਰਤਾਪ ਸੂਰਯ ਦੀ ਰੁੱਤ ੩, ਅ: ੪ ਵਿਚ ਵੀ ਏਸੇ ਤਰ੍ਹਾਂ ਲਿਖਿਆ ਹੈ ।

'ਗੁਰ ਪਦ ਪ੍ਰੇਮ ਪ੍ਰਕਾਸ਼' ਵਿਚ ਬਾਵਾ ਸੁਮੇਰ ਸਿੰਘ ਲਿਖਦਾ ਹੈ :

**ਮਹਾਂ ਬੀਰ ਸ੍ਰੀ ਹਨੂੰਮਾਨ ਜੀ ਪ੍ਰਗਟ ਕੱਛ ਤਬ ਦੀਨੀ ॥**
**ਲੀਜੈ ਮਹਾਰਾਜ ਮਮ ਭੇਟਾ ਮਰਯਾਦਾ ਅਤਿ ਚੀਨੀ ॥**

*{ਗੁਰਮਤਿ ਮਾਰਤੰਡ, ਚ, ਛ, ਜ, ਝ}*

(ਸ) ਛੇਵੀਂ ਪਾਤਿਸ਼ਾਹੀ ਦੇ 'ਗੁਰੁ ਵਿਲਾਸ' ਦੇ ਅਧਿਆਇ ੧੮ ਵਿਚ ਗੁਰੁ ਹਰਿ ਗੋਬਿੰਦ ਜੀ ਦਾ ਭੰਗ ਪੀਣਾ ਲਿਖਿਆ ਹੈ :

ਜਬੈ ਜਾਮ ਦਿਨ ਆਨਿ ਰਹਾਯੋ ॥
ਸ੍ਰੀ ਗੁਰੁ ਵਿਜਿਆ ਪਾਨ ਕਰਾਯੋ ॥

(ਹ) ਭਾਈ ਪਾਤਿਸ਼ਾਹੀ ਦੇ 'ਗੁਰੁ ਵਿਲਾਸ' ਦੇ ਦਸਵੇਂ ਤੇ ਸੋਲਵੇਂ ਅਧਿਆਇ ਵਿਚ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਮਲ ਛਕਿਆ ਛਕਾਇਆ ਕਰਦੇ ਸੀ :

**ਬਿਕਿਆ ਧਰਛਤ ਅਮਲ ਮੰਗਾਵੇਂ ॥**
**ਆਪ ਛਕੈਂ ਪੁਨਿ ਅਪਰ ਦਿਆਵੈਂ ॥** (ਧਰਛਤ–ਅਫੀਮ)

**ਮਦਿਰਾ ਬਿਜਿਆ ਖਾਂਡ ਮਿਲਾਈ ॥**
**ਚਰਨਾਮ੍ਰਿਤ ਮਿਲ ਗਾਗਰ ਪਾਈ ॥** (ਮਦਿਰਾ–ਸ਼ਰਾਬ)

**ਲੈ ਨਿਜ ਭੇਟ ਕਾਲਿਆ ਦੀਨੇ ॥**
**ਜੈ ਭਵਾਨੀ ਕੀ ਉਚਰ ਪ੍ਰਬੀਨੈ ॥ (੧੩੭)**

(ਕ) 'ਗੁਰੁ ਪ੍ਰਤਾਪ ਸੂਰਯ' ਦੀ ਰੁਤ ੩ ਅਧਿਆਇ ੪ ਵਿਚ ਲਿਖਿਆ ਹੈ :

**ਆਧਿ ਕੈ ਸੁਗੰਧ ਮਹਾਕਾਰ ਸੰਗ ॥**
**ਬਹੁ ਰਗੜ ਬਦਾਮਨ ਸਹਿਤ ਭੰਗ ॥**
**ਏਲਾ ਲਵੰਗ ਮਿਰਚਾਨ ਕਾਰਿ ॥**
**ਮੇਲਯੋ ਗੁਲਾਬ ਯੁਤ ਸਰਦ ਵਾਰਿ ॥ (੭)......**
**ਯੁਤ ਛਤ੍ਰਧਾਰ ਸਤਿਗੁਰੁ ਛਕਾਇ ॥ (੮)** (ਛਤ੍ਰਧਾਰ=ਅਫੀਮ)

(ਖ) ਫਿਰ ਰੁਤ ੩ ਅਧਿਆਇ ੨੧ ਵਿਚ ਭਾਈ ਸੰਤੋਖ ਸਿੰਘ ਲਿਖਦਾ ਹੈ ਕਿ ਦਸਮੇਸ਼ ਨੇ ਆਖਿਆ :

**ਤਾਂ ਤੇ ਸ੍ਰੀ ਮੁਖਵਾਕ ਉਚਾਰਾ ॥**
**ਹੁਇ ਸੁਖੇ ਕੀ ਦੇਗ ਉਦਾਰਾ ॥**

**ਸਿੰਘ ਹੋਇ ਕਬ ਆਯੁਧ ਧਾਰੀ ॥**

**ਮਾਦਕ ਚਹੀਏ ਅਨਦ ਮਝਾਰੀ ॥ (੩੯)**

**ਸਭ ਮਾਦਿਕ ਤੇ ਬਿਜਿਆ ਆਛੀ ॥**

**ਕਯੋਂਕਿ ਮਹੇਸ਼ ਆਦਿ ਇਹ ਬਾਂਛੀ ॥ (੪)**

(ਗ) 'ਵਿਮਲ ਬਿਬੇਕ ਵਾਰਧਿ' ਵਿਚ ਭਗਵਾਨ ਸਿੰਘ ਰਹਿਤਨਾਮੀਆ, ਚੈਨਪੁਰ ਭਭੂਆ ਤੋਂ ਖਤ੍ਰੀ ਸਿੰਘਾ ਦੇ ਪ੍ਰਾਪਤ ਹੋਏ ਰਹਿਤਨਾਮੇ ਦੇ ਵਾਕ ਲਿਖਦਾ ਹੈ :

**ਅਛੀਆ ਸੁੱਖਾ ਛੱਤਰਧਾਰ ॥ ਰਨ ਮੇਂ ਜੂਝੈ ਅਪਰ ॥**

ਫੇਰ ਭਾਈ ਮਨੀ ਸਿੰਘ ਜੀ ਦਾ ਹਵਾਲਾ ਦੇ ਕੇ ਲਿਖਿਆ ਹੈ :

"ਗੁਰੀ ਜੀ ਸਭ ਸੰਗਤ ਕੋ ਅੰਮ੍ਰਿਤ ਛਕਾ ਕਰ ਸ਼ਸਤ੍ਰ ਪਕੜਾ ਕਰ ਸਿੰਘ ਸਜਾ ਕਰ ਵਿਦਾ ਕਰਾ, ਤਾਂ ਸਿੱਖਾਂ ਨੂੰ ਕਹਿਆ ਜੋ ਤੁਸੀਂ ਕੁਛ ਅਮਲ ਛਕਿਆ ਕਰੋ, ਤਾਂ ਸਿਖ ਅਮਲ ਖਾਣੇ ਲੱਗੇ, ਤਾਂ ਕਿਤਨਿਆਂ ਦੀ ਬ੍ਰਿਤੀਆਂ ਠਹਿਰ ਗਈਆਂ ।

(***ਨੋਟ :*** ਵ੍ਰਿਤਿ ਠਹਿਰਾਉਣ ਦਾ ਕੇਹਾ ਸੁੰਦਰ ਉਤੁਉ ਦੱਸਿਆ ਹੈ ! ਸਿੱਖਾਂ ਦੀ ਵ੍ਰਿਤੀ, ਸੇਵਾ, ਗੁਰਬਾਣੀ ਦਾ ਅਭਿਆਸ, ਪਰੋਪਕਾਰ, ਸ਼ਸਤ੍ਰ ਅਤੇ ਸ਼ਾਸਤ੍ਰ ਦੇ ਅਭਿਆਸ ਨਾਲ ਠਹਿਰਦੀ ਹੈ, ਨਾ ਕਿ ਨਸ਼ੇ ਵਿਚ ਗੜੂੰਦ ਹੋ ਕੇ ਉੱਲੂ ਬਣਨ ਨਾਲ। )

*{ਗੁਰਮਤਿ ਮਾਰਤੰਡ ਕ੍ਰਿਤ ਭਾ: ਕਾਨ੍ਹ ਸਿੰਘ ਨਾਭਾ, ਪੰਨਾ, ਵ, ਟ, ਠ}*

ਉਪਰਲੀਆਂ ਉਦਾਹਰਣਾਂ ਟੂਕ ਸਾਤਰ ਹਨ । ਜਿਆਦਾ ਉਦਾਹਰਣਾਂ ਦੇਣ ਨਾਲ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ । ਇਤਿਹਾਸ ਵਿਚ ਇਹ ਰਲਾ ਵਿਰੋਧੀਆਂ ਅਥਵਾ ਗੁਰੁ-ਦੋਖੀਆਂ ਵਲੋਂ ਗਿਣ-ਮਿਖ ਕੇ ਪਾਇਆ ਗਿਆ । ਪਿਛਲੇ ਕੁਝ ਇਤਿਹਾਸਕਾਰਾਂ ਵਲੋਂ ਜਿਹੇ ਰਲਿਆਂ ਨੂੰ ਬਿਬੇਕ-ਬੁਧੀ ਨਾਲ ਪਰਖਣ ਤੇ ਨਿਤਾਰਨ ਦੀ ਬਜਾਏ ਮੱਖੀ' ਤੇ ਮੱਖੀ ਮਾਰੀ ਹੋਈ ਹੈ । ਸੰਭਵ ਹੈ ਇਨ੍ਹਾਂ ਵਿਚੋਂ ਕੁਝ ਇਤਿਹਾਸਕਾਰ ਨਸ਼ੇ ਸੇਵਨ ਆਦਿ ਦੀ ਭੈੜੀ ਵਾਦੀ ਵਿਚ ਨਿਜੀ ਤੌਰ ਤੇ ਆਪ ਗ੍ਰਮਤ ਹੋਣ । ਕੁਝ ਵੀ ਹੋਵੇ, ਉਪਰੋਕਤ ਕਿਸਮ ਦੀਆਂ ਕਿਖਤਾਂ ਗੁਰਮਤਿ ਸਿਧਾਂਤਾਂ ਤੋਂ ਵਿਰੁਧ ਹਨ ਤੇ ਸਿਖ ਇਤਿਹਾਸ ਨੂੰ ਹਾਸੋ-ਹੀਣਾ ਤੇ ਭਰੋਸੇ-ਹੀਣਾ ਬਣਾਉਂਦੀਆਂ ਹਨ ।

ਇਸ ਲਈ ਇਤਿਹਾਸ ਨੂੰ ਘੋਖ ਕੇ ਗੁਰਮਤਿ ਦੀ ਰੌਸ਼ਨੀ ਵਿਚ ਪਰਖਣ ਪੜਤਾਲਣ ਅਤੇ ਸੋਧੇ ਦੀ ਲੋੜ ਹੈ । ਪੰਖ-ਦਰਦੀ ਚਿਰ ਤੋਂ ਇਸ ਲੋੜ ਨੂੰ ਮਹਿਸੂਸ ਕਰ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਮੰਗ ਉਤੇ ਪ੍ਰੈਸ ਤੇ ਪਲੇਟਫਾਰਮ ਰਾਹੀਂ ਦੋਵੇਂ ਬਾਹਵਾਂ ਕਰ ਕੇ, ਹਾਲ ਪਾਰ੍ਹਿਆ ਪਾ ਕੇ ਕਈ ਵਾਰੀ ਜੋਰ ਦਿਤਾ ਜਾ ਚੁਕਾ ਹੈ । ਜਿਥੇ ਕੋਇ ਇਤਿਹਾਸਕ ਘਟਬਾ ਜਾਂ ਇਤਿਹਾਸਕ ਲਿਖਤ, ਗੁਰਬਾਣੀ ਵਿਚ ਨਿਰੂਪਣ ਕੀਤੇ ਸਿਧਾਂਤ ਨਾਲ ਟਕਰਾਅ ਖਾਂਦੀ ਹੈ, ਉਸ ਨੂੰ ਚੰਗ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com